Postal No.-- CHD/0111/2015-17
Regd No. 32212/78

# ਲੁਬਾਣਾ ਸੇਵਕ

ਜੂਨ 2017 ਮਾਸਿਕ ਮੁੱਲ : 15/-

## ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ 67ਵੀਂ ਬਰਸੀ

### ਦੇਸ਼ਾਂ-ਵਿਦੇਸ਼ਾਂ ਵਿਚ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਈ ਗਈ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ ...

# ਸੰਤ ਬਾਬਾ ਪ੍ਰੇਮ ਸਿੰਘ ਜੀ (ਮੁਰਾਲੇ ਵਾਲਿਆਂ) ਦੀ ਜੀਵਨੀ ਅਤੇ ਸੰਘਰਸ਼



ਜਦੋਂ ਵੀ ਧਰਤੀ ਉੱਪਰ ਕਿਸੇ ਗੁਰੂ, ਪੈਗੰਬਰ, ਪੀਰ ਮਹਾਂਪੁਰਖ ਦੀ ਲੋੜ ਪਈ ਤਾਂ ਪ੍ਰਮਾਤਮਾ ਨੇ ਵਰਦਾਨ ਦੇ ਕੇ ਧਰਤੀ ਤੇ ਆਪਣੇ ਭਗਤਾਂ ਨੂੰ ਭੇਜਿਆ। ਇਸੇ ਤਰ੍ਹਾਂ ਹੀ ਪ੍ਰਮਾਤਮਾ ਨੇ ਲੁਬਾਣਾ ਕੌਮ ਦੇ ਉਧਾਰ ਵਾਸਤੇ ਸੰਤ ਪ੍ਰੇਮ ਸਿੰਘ ਜੀ ਨੂੰ ਵਰਦਾਨ ਦੇ ਕੇ ਭੇਜਿਆ। ਸੰਤ ਪ੍ਰੇਮ ਜੀ ਦਾ ਜਨਮ 1882 ਈਸਵੀ ਨੂੰ ਪਿੰਡ ਖੋੜੀ ਦੂਨਾ ਸਾਹਿਬ ਬਾਬਾ ਅਰੂੜ ਸਿੰਘ ਦੇ ਸਪੁੱਤਰ ਬਾਬਾ ਵਸਾਵਾ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਨਿਹਾਲ ਕੌਰ ਦੀ ਕੁੱਖੋਂ ਹੋਇਆ। ਬਾਬਾ ਵਸਾਵਾ ਸਿੰਘ ਲੁਬਾਣਾ ਬਰਾਦਰੀ ਵਿੱਚ ਇਕ ਸਤਿਕਾਰਯੋਗ ਵਿਅਕਤੀ ਸਨ ਅਤੇ ਉਨ੍ਹਾਂ ਦਾ ਵਿਆਹ ਪਿੰਡ-ਘੋਤਪੋਕਰ ਜ਼ਿਲ੍ਹਾ-ਗੁਰਦਾਸਪੁਰ ਵਿਖੇ ਸ. ਭੋਲਾ ਸਿੰਘ ਦੀ ਸਪੁੱਤਰੀ ਬੀਬੀ ਨਿਹਾਲ ਕੌਰ ਦੇ ਨਾਲ ਹੋਇਆ। ਸੰਤ ਪ੍ਰੇਮ ਸਿੰਘ ਦੇ ਮਾਤਾ ਪਿਤਾ ਅਤੇ ਦਾਦੇ ਸ. ਅਰੂੜ ਸਿੰਘ ਨੂੰ ਪੁੱਤਰ ਦੇ ਜਨਮ ਦੀ ਬਹੁਤ ਖੁਸ਼ੀ ਹੋਈ। ਬਾਬਾ ਅਰੂੜ ਸਿੰਘ ਬੜੇ ਮਹਾਂਪੁਰਖ ਸਨ ਅਤੇ ਸਮਾਧੀ ਵਿਚ ਲੀਨ ਰਹਿੰਦੇ ਸਨ। ਇਕ ਦਿਨ ਦਾਦਾ ਜੀ ਨੇ ਆਪਣੀ ਦਿਵਯ ਦ੍ਰਿਸ਼ਟੀ ਨਾਲ ਹੋਣਹਾਰ ਬਾਲਕ ਦਾ ਭਵਿੱਖ ਵੇਖਿਆ ਤਾਂ ਆਪ ਅੰਦਰ ਹੀ ਅੰਦਰ ਖੁਸ਼ੀ ਨਾਲ ਗੱਦ-ਗੱਦ ਹੋ ਗਏ। ਉਨ੍ਹਾਂ ਦੇ ਮੂੰਹੋਂ ਆਪਣੇ ਆਪ ਹੀ ਬਚਨ ਨਿਕਲੇ ਇਸ ਬਾਲਕ ਨੂੰ ਸੱਚੇ ਸਤਿਗੁਰਾਂ ਨੇ ਆਪ ਭੇਜਿਆ ਹੈ। ਇਹ ਬੱਚਾ ਪ੍ਰਮਾਤਮਾ ਦਾ ਭਗਤ ਹੋਵੇਗਾ। ਇਹ ਬਾਲ ਬੜਾ ਪ੍ਰਤਾਪ ਵਾਲਾ ਹੋਵੇਗਾ। ਮਾਤਾ ਨਿਹਾਲ ਕੌਰ ਵੀ ਖੁਸ਼ੀ ਨਾਲ ਬਹੁਤ ਪ੍ਰਫੁਲਿਤ ਹੋਈ ਕਿਉਂਕਿ ਵਿਆਹ ਤੋਂ ਕਈ ਸਾਲ ਬਾਅਦ ਖੁਸ਼ੀ ਵੇਖਣ ਵਿਚ ਆਈ ਸੀ। ਮਾਤਾ ਮਨ ਹੀ ਮਨ ਵਿਚ ਹਰ ਵੇਲੇ ਅਸੀਸ ਦਿੰਦੀ ਸੀ ਕਿ ਤੈਨੂੰ ਹਰ ਪਲ ਪ੍ਰਮਾਤਮਾ ਦਾ ਨਾਮ ਯਾਦ ਰਹੇ ਅਤੇ ਸਤਿਗੁਰ ਤੇਰੇ ਤੇ ਦਿਆਲ ਹੋਣ। ਗੁਰਬਾਣੀ ਦਾ ਹਰ ਵੇਲੇ ਕੀਰਤਨ ਕਰਦਾ ਰਹੇ ਅਤੇ ਕੀਰਤਨ ਹੀ ਤੇਰਾ ਭੋਜਨ ਬਣਿਆ ਰਹੇ। ਕੁਝ ਦਿਨਾਂ ਬਾਅਦ ਹੀ ਮਾਤਾ ਜੀ ਇਸ਼ਨਾਨ ਆਦਿ ਕਰਕੇ ਠੀਕ ਹੋ ਗਏ। ਬਾਬਾ ਅਰੂੜ ਸਿੰਘ ਨੇ ਅੰਮ੍ਰਿਤ ਤਿਆਰ ਕਰਕੇ ਛਕਾਇਆ ਅਤੇ ਪੰਜ ਬੂੰਦਾਂ ਬੱਚੇ ਦੇ ਮੂੰਹ ਵਿਚ ਪਾ ਕੇ ਛਕਾਇਆ। ਉਨ੍ਹਾਂ ਨੇ ਗੁਰਮੱਤ ਅਨੁਸਾਰ ਆਪਣੇ ਪੋਤਰੇ ਦਾ ਜਨਮ ਸੰਸਕਾਰ ਕੀਤਾ ਅਤੇ ਨਾਮ ਰੱਖਿਆ।

ਬਾਬਾ ਅਰੂੜ ਸਿੰਘ ਜੀ ਬਾਲਕ ਪ੍ਰੇਮ ਸਿੰਘ ਨੂੰ ਬਹੁਤ ਪਿਆਰ ਕਰਦੇ ਸਨ। ਪੰਜ ਸਾਲ ਦੀ ਉਮਰ ਵਿਚ ਹੀ ਬਾਬਾ ਜੀ ਨੇ ਗੁਰਮੁਖੀ ਅੱਖਰ ਪੜ੍ਹਾਉਣੇ ਤੇ ਸਿਖਾਉਣੇ ਸ਼ੁਰੂ ਕਰ ਦਿੱਤੇ। ਆਪ ਜੀ ਦੀ ਬੜੀ ਤਿੱਖੀ ਬੁੱਧੀ ਸੀ। ਜਿਸ ਤਰ੍ਹਾ ਬਾਬਾ ਜੀ ਦੱਸਦੇ ਆਪ ਉਸੇ ਤਰ੍ਹਾਂ ਹੀ ਯਾਦ ਕਰ ਲੈਂਦੇ ਜਿਵੇਂ ਕਿ ਅੱਜ ਬਾਬਾ ਜੀ ਦੱਸਦੇ, ਦੂਜੇ ਦਿਨ ਉਸੇ ਤਰ੍ਹਾਂ ਯਾਦ ਕਰਕੇ ਸੁਣਾ ਦਿੰਦੇ। ਬਾਲਕ ਪ੍ਰੇਮ ਸਿੰਘ ਆਪਣੇ ਬਾਬਾ ਜੀ ਨਾਲ ਹੀ ਰਹਿੰਦੇ ਸਨ। ਪੰਜ ਸਾਲ ਦੀ ਉਮਰ ਵਿਚ ਹੀ ਦਾਦਾ ਜੀ ਪਾਸੋਂ ਸਿੱਖਿਆ ਲੈ ਕੇ ਜਪੁਜੀ ਸਾਹਿਬ, ਸ਼ਬਦ ਕੀਰਤਨ, ਸ਼ਬਦ ਹਜ਼ਾਰੇ, ਰਹਿਰਾਸ ਸਾਹਿਬ, ਕੀਰਤਨ ਸੋਹਲਾਂ ਆਦਿ ਜ਼ਬਾਨੀ ਯਾਦ ਕਰ ਲਈਆਂ। ਅਜੇ ਬਾਲਕ ਪ੍ਰੇਮ ਸਿੰਘ ਜੀ 12 ਸਾਲ ਦੇ ਹੀ ਸਨ ਕਿ ਆਪ ਜੀ ਦੀ ਮਾਤਾ ਨਿਹਾਲ ਕੌਰ ਨਿਹਾਲ ਕੌਰ ਅਕਾਲ ਚਲਾਨਾ ਕਰ ਗਏ। ਬਾਬਾ ਵਸਾਵਾ ਸਿੰਘ ਦੇ ਪਰਿਵਾਰ ਨੂੰ ਬਹੁਤ ਸਦਮਾ ਲੱਗਿਆ। ਬਾਲਕ ਪ੍ਰੇਮ ਸਿੰਘ ਜੀ ਨੂੰ ਸਭ ਤੋਂ ਵੱਧ ਦੁੱਖ ਹੋਇਆ ਆਪ ਮਾਂ ਦੇ ਪਿਆਰ ਤੋਂ ਵਾਂਝੇ ਹੋ ਗਏ। ਭਾਵੇਂ ਬਾਬਾ ਅਰੂੜ ਸਿੰਘ ਜੀ ਪਹਿਲਾ ਹੀ ਇਨ੍ਹਾਂ ਦਾ ਬਹੁਤ ਧਿਆਨ ਰੱਖਦੇ ਸਨ ਪਰ ਹੁਣ ਇਨ੍ਹਾਂ ਦੇ ਖਾਣ-ਪੀਣ ਵੱਲ ਪੂਰਾ ਧਿਆਨ ਦਿੰਦੇ ਅਤੇ ਹਰ ਸਮੇਂ ਆਪਣੇ ਨਾਲ ਹੀ ਰੱਖਦੇ ਸਨ। ਕੁਝ ਸਮੇਂ ਬਾਅਦ ਹੀ ਬਾਬਾ ਵਸਾਵਾ ਸਿੰਘ ਜੀ ਨੇ ਦੂਜਾ ਵਿਆਹ ਕਰ ਲਿਆ। ਮਤਰੇਈ ਮਾਂ ਦਾ ਸੁਭਾਅ ਬੜਾ ਹੀ ਕੁਰੱਖਤ ਸੀ। ਕੁਦਰਤ ਦੀ ਖੇਲ ਇਸ ਤਰ੍ਹਾਂ ਹੋਈ ਕਿ ਬਾਬਾ ਅਰੂੜ ਸਿੰਘ ਜੀ ਵੀ ਅਕਾਲ ਚਲਾਣਾ ਕਰ ਗਏ। ਮਾਂ ਦੀ ਮੌਤ ਤੋਂ ਬਾਅਦ ਬਾਲਕ ਪ੍ਰੇਮ ਸਿੰਘ ਨੂੰ ਬਾਬਾ ਜੀ ਦਾ ਸਹਾਰਾ ਸੀ। ਉਨ੍ਹਾਂ ਦੀ ਮੌਤ ਤੋਂ ਬਾਅਦ ਆਪ ਬਹੁਤ ਉਦਾਸ ਰਹਿਣ ਲੱਗ ਪਏ। ਕਈ ਵਾਰ ਰੋਟੀ ਵੀ ਨਸੀਬ ਨਹੀਂ ਸੀ ਹੁੰਦੀ। ਕਿਸੇ ਨੂੰ ਕੀ ਪਤਾ ਸੀ ਕਿ ਜੋ ਵਿਅਕਤੀ ਅੱਜ ਰੋਟੀ ਤੋਂ ਵੀ ਤੰਗ ਹੈ ਉਹ ਹਜ਼ਾਰ ਲੋਕਾਂ ਦੀ ਰੋਟੀ ਦਾ ਮਹਾਨ ਵਸੀਲਾ ਬਣ ਕੇ ਸੰਸਾਰ ਵਿਚ ਉਭਰੇਗਾ ਅਤੇ ਉਸ ਦੇ ਚਲਾਏ ਲੰਗਰ ਵਿਚੋਂ ਹਜ਼ਾਰਾਂ ਲੋੜਵੰਦ ਰੋਟੀ ਖਾ ਕੇ ਉਦਾਰਪੂਰਤੀ ਕਰਨਗੇ।

ਕੁਝ ਸਮੇਂ ਬਾਅਦ ਹੀ ਇਕ ਵਪਾਰੀ ਸ. ਰਾਮ ਸਿੰਘ ਪਿੰਡ ਆਏ ਤਾਂ ਬਾਲਕ ਪ੍ਰੇਮ ਸਿੰਘ ਉਨ੍ਹਾਂ ਦੇ ਨਾਲ ਜਾਣ ਲਈ ਤਿਆਰ ਹੋ ਗਏ। ਉਹ ਵਪਾਰੀ ਉੱਤਰ ਪ੍ਰਦੇਸ਼ ਵਿਚ ਕੱਪੜੇ ਦਾ ਵਪਾਰ ਕਰਦਾ ਸੀ। ਉੱਤਰ ਪ੍ਰਦੇਸ਼ ਵਿਚ ਕੁਝ ਸਮਾਂ ਰਹਿਣ ਤੋਂ ਬਾਅਦ ਸ. ਰਾਮ ਸਿੰਘ ਆਪਣੇ ਪਿੰਡ ਵਾਪਸ ਆਏ ਤਾਂ ਬਾਲਕ ਪ੍ਰੇਮ ਸਿੰਘ ਉਨ੍ਹਾਂ ਦੇ ਨਾਲ ਸੀ। ਉਸ ਸਮੇਂ ਬਾਲਕ ਪ੍ਰੇਮ ਸਿੰਘ ਨੂੰ ਡੇਰਾ ਮੁਰਾਲਾ ਸਾਹਿਬ ਵਿਖੇ ਜਾਣ ਦਾ ਮੌਕਾ ਮਿਲਿਆ। ਧਾਰਮਿਕ ਪ੍ਰਵਿਰਤੀ ਹੋਣ ਕਾਰਨ ਉਸ ਸਥਾ ਲਈ ਉਨ੍ਹਾਂ ਦੇ ਮਨ ਵਿਚ ਖਿੱਚ ਪੈਦਾ ਹੋ ਗਈ। ਉਸ ਵੇਲੇ ਸੰਤ ਪ੍ਰੇਮ ਸਿੰਘ ਜੀ ਦੀ ਉਮਰ 15 ਸਾਲ ਦੀ ਸੀ। ਡੇਰਾ ਮੁਰਾਲਾ ਸਾਹਿਬ ਇਕ ਬਹੁਤ ਹੀ ਮਹਤੱਵਪੂਰਨ ਸੰਸਥਾ ਸੀ। ਸੰਤ ਬਿਸ਼ਨ ਸਿੰਘ ਜੀ ਇਸ ਸੰਸਥਾ ਦੇ ਮੁੱਖੀ ਬਣੇ। ਬਾਲਕ ਪ੍ਰੇਮ ਸਿੰਘ ਜੀ ਨੇ ਡੇਰਾ ਮੁਰਾਲਾ ਵਿਚ ਦਿਨ ਰਾਤ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਆਪ ਜੀ ਸੇਵਾ ਤੋਂ ਜਦੋਂ ਵਿਹਲੇ ਹੁੰਦੇ ਤਾਂ ਸਿਮਰਨ ਵਿਚ ਜੁੱਟ ਜਾਂਦੇ। ਡੇਰੇ ਵਿਚ ਰਹਿਣ ਵਾਲੇ ਲੋਕ ਹੈਰਾਨ ਸਨ ਕਿ ਆਪ ਜੀ ਆਰਾਮ ਕਿਸ ਵੇਲੇ ਕਰਦੇ ਸਨ। ਉਹ ਸਵੇਰੇ ਜਲਦੀ ਉੱਠ ਕੇ ਖੂਹ ਵਿਚੋਂ ਪਾਣੀ ਕੱਢ ਕੇ ਪਹਿਲਾ ਬਾਬਾ ਬਿਸ਼ਨ ਸਿੰਘ ਜੀ ਨੂੰ ਇਸ਼ਨਾਨ ਕਰਵਾਉਂਦੇ ਤੇ ਨਾਲ ਹੀ ਗੁਰਬਾਣੀ ਦਾ ਪਾਠ ਕਰੀ ਜਾਂਦੇ ਜੋ ਉਨ੍ਹਾਂ ਦੇ ਬਾਬਾ ਜੀ ਨੇ ਬਚਪਨ ਤੋਂ ਹੀ ਉਨ੍ਹਾਂ ਨੂੰ ਯਾਦ ਕਰਵਾ ਦਿੱਤਾ ਸੀ। ਮਹਾਂਪੁਰਖਾਂ ਨੂੰ ਇਸ਼ਨਾਨ ਕਰਵਾਉਣ ਤੋਂ ਬਾਅਦ ਆਪ ਗੁਰਬਾਣੀ ਗਾਇਨ ਕਰਦੇ ਅਤੇ ਬਾਅਦ ਵਿਚ ਲੰਗਰ ਦੀ ਸੇਵਾ ਵਿਚ ਜੁੱਟ ਜਾਂਦੇ ਅਤੇ ਜਦੋਂ ਵੀ ਲੰਗਰ ਦੀ ਸੇਵਾ ਤੋ ਸਮਾਂ ਮਿਲਦਾ ਗੁਰਬਾਣੀ ਪੜ੍ਹਣ ਦਾ ਅਭਿਆਸ ਕਰਨ ਲੱਗ ਜਾਂਦੇ। ਉਨ੍ਹਾਂ ਦੀ ਅਣਥੱਕ ਘਾਲਣਾ ਤੋਂ ਸੰਤ ਬਾਬਾ ਬਿਸ਼ਨ ਸਿੰਘ ਜੀ ਬਹੁਤ ਪ੍ਰਭਾਵਿਤ ਹੋਏ।

ਉਸ ਵੇਲੇ ਬਾਲਕ ਪ੍ਰੇਮ ਸਿੰਘ ਭਾਵੇਂ ਬਹੁਤ ਛੋਟੀ ਉਮਰ ਤਕਰੀਬਨ 23 ਸਾਲ ਦੇ ਸਨ ਪਰ ਮਹਾਤਮਾ ਬਿਸ਼ਨ ਸਿੰਘ ਜੀ ਨੇ ਸੰਤ ਪ੍ਰੇਮ ਸਿੰਘ ਜੀ ਨੂੰ ਆਪਣੇ ਕੋਲ ਬੁਲਾਇਆ ਅਤੇ ਸਾਰਿਆਂ ਦੇ ਸਾਹਮਣੇ ਡੇਰੇ ਦੀ ਮਹੰਤੀ ਦੀ ਦਸਤਾਰ ਉਨ੍ਹਾਂ ਦੇ ਸਿਰ ਤੇ ਬੰਨ ਕੇ ਕਿਹਾ ਕਿ ਤੁਸੀਂ ਅੱਜ ਤੋਂ ਇਸ ਅਸਥਾਨ ਦੀ ਸੇਵਾ ਕਰੋਗੇ।

ਸੰਤ ਪ੍ਰੇਮ ਸਿੰਘ ਜੀ ਦੇ ਸਾਹਮਣੇ ਤਿੰਨ ਮੁੱਖ ਉਦੇਸ਼ ਸਨ ਸਿੱਖੀ ਪ੍ਰਚਾਰ, ਵਿੱਦਿਆ ਅਤੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਨਾ। ਇਨ੍ਹਾਂ ਦੀ ਘਾਟ ਭਾਵੇਂ ਹੋਰ ਬਰਾਦਰੀਆਂ ਵਿਚ ਵੀ ਸੀ ਪਰ ਲੁਬਾਣਾ ਬਰਾਦਰੀ ਵਿਚ ਜ਼ਿਆਦਾ ਸੀ। ਮੁਰਾਲੇ ਡੇਰੇ ਦੀ ਬਿਲਡਿੰਗ ਅਤੇ ਹੋਰ ਕੰਮ ਕਰਨ ਤੋਂ ਬਾਅਦ ਇਨ੍ਹਾਂ ਸਭ ਬੁਰਾਈਆਂ ਨੂੰ ਖਤਮ ਕਰਨ ਦਾ ਇਰਾਦਾ ਬਣਾ ਲਿਆ ਅਤੇ ਆਪ ਲੁਬਾਣਾ ਬਰਾਦਰੀ ਦੀਆਂ ਕਮਜ਼ੋਰੀਆਂ ਦੂਰ ਕਰਨ ਲਈ ਜੁੱਟ ਗਏ। ਸਭ ਤੋਂ ਪਹਿਲਾ ਖੋੜੀ ਦੂਨਾ ਸਿੰਘ ਪਿੰਡ ਦੀ ਸੰਗਤ ਆਪ ਜੀ ਕੋਲ ਪਹੁੰਚੀ ਅਤੇ ਪਿੰਡ ਆਉਣ ਲਈ ਬੇਨਤੀ ਕੀਤੀ। ਸੰਤ ਪ੍ਰੇਮ ਸਿੰਘ ਜੀ ਨੇ ਬੇਨਤੀ ਪ੍ਰਵਾਨ ਕਰ ਲਈ ਅਤੇ ਮਾਰਚ 1912 ਵਿਚ ਪਿੰਡ ਖੋੜੀ ਦੂਨਾ ਸਿੰਘ ਪਹੁੰਚੇ। ਪਿੰਡ ਦੇ ਨੌਜਵਾਨ ਅਤੇ ਬਜ਼ੁਰਗ ਆਪ ਜੀ ਦਾ ਲਿਬਾਸ ਵੇਖ ਕੇ ਅਤੇ ਅਤੇ ਆਪ ਜੀ ਦਾ ਕੀਰਤਨ ਸੁਣ ਕੇ ਬਹੁਤ ਪ੍ਰਭਾਵਿਤ ਹੋਏ। ਦੀਵਾਨ ਦੀ ਸਮਾਪਤੀ ਤੇ ਅਰਦਾਸ ਹੋਈ ਅਤੇ ਪ੍ਰਸਾਦਿ ਵਰਤਾਇਆ ਗਿਆ। ਆਪ ਜੀ ਨੇ ਅਮ੍ਰਿਤ ਪ੍ਰਚਾਰ ਵੀ ਕੀਤਾ। ਬਹੁਤ ਸਾਰੇ ਨਗਰ ਨਿਵਾਸੀਆਂ ਨੇ ਅੰਮ੍ਰਿਤ ਛਕਿਆ। ਪਿੰਡ ਦਾ ਗੁਰਦੁਆਰਾ ਕੱਚਾ ਸੀ, ਆਪਣੇ ਪੱਕਾ ਗੁਰਦੁਆਰਾ ਬਨਾਉਣ ਦੀ ਪ੍ਰੇਰਨਾ ਕੀਤੀ ਅਤੇ ਬਹੁਤ ਸਾਰੀ ਮਾਇਆ ਇਕੱਠੀ ਕੀਤੀ। ਇਸ ਤਰ੍ਹਾ ਸੰਤ ਜੀ ਨੇ ਲੁਬਾਣਾ ਬਰਾਦਰੀ ਦੇ ਹੋਰ ਸੱਤ ਪਿੰਡਾਂ ਵਿਚ ਦੌਰਾ ਕੀਤਾ ਅਤੇ ਸਮਾਜਿਕ ਬੁਰਾਈਆਂ ਦੂਰ ਕਰਨ ਲਈ ਲੋਕਾਂ ਨੂੰ ਪ੍ਰੇਰਿਆ ਅਤੇ ਅੰਮ੍ਰਿਤ ਪ੍ਰਚਾਰ ਕਰਕੇ ਲੁਬਾਣਾ ਬਰਾਦਰੀ ਦੇ ਲੋਕਾਂ ਨੰ ਸਿੱਖੀ ਨਾਲ ਜੋੜਿਆ।

ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਸਿੱਖੀ ਪ੍ਰਚਾਰ ਦੀ ਖਬਰ ਚੀਫ ਖਾਲਸਾ ਦੀਵਾਨ ਨੂੰ ਮਿਲੀ ਤਾਂ ਉਨ੍ਹਾਂ ਨੰ ਸੰਤ ਪ੍ਰੇਮ ਸਿੰਘ ਜੀ ਨੂੰ ਚੀਫ ਖਾਲਸਾ ਦੀਵਾਨ ਮੈਂਬਰ ਚੁਣ ਲਿਆ ਅਤੇ ਮੈਂਬਰ ਨਿਯੁਕਤ ਕਰਨ ਦੀ ਚਿੱਠੀ ਵੀ ਭੇਜ ਦਿੱਤੀ। ਚੀਫ ਖਾਲਸਾ ਦੀਵਾਨ ਸਕੂਲ ਖੋਲਣ ਲਈ ਗਰਾਂਟ ਵੀ ਦਿੰਦਾ ਸੀ। ਸੰਨ 1916 ਵਿਚ ਸਿੱਖ ਐਜੂਕੇਸ਼ਨਲ ਕਾਨਫਰੰਸ, ਸ੍ਰੀ ਤਰਨਤਾਰਨ ਸਾਹਿਬ ਵਿਖੇ ਹੋਈ। ਸੰਤ ਪ੍ਰੇਮ ਸਿੰਘ ਜੀ ਨੇ ਵੀ ਇਸ ਕਾਨਫਰੰਸ ਵਿਚ ਹਿੱਸਾ ਲਿਆ। ਸੰਤ ਜੀ ਨੇ ਪ੍ਰਬੰਧਕਾਂ ਨੂੰ ਬੇਨਤੀ ਕੀਤੀ ਕਿ ਇਕ ਜਾਂ ਦੋ ਸਕੂਲ ਲੁਬਾਣਾ ਬਰਾਦਰੀ ਦੇ ਪਿੰਡ ਵਿਚ ਖੋਲ ਦਿਉ ਕਿਉਂਕਿ ਇਹ ਬਰਾਦਰੀ ਵਿੱਦਿਆ ਵਿਚ ਬਹੁਤ ਪਿੱਛੇ ਹੈ। ਪਰ ਆਪ ਜੀ ਦੀ ਕਹੀ ਗੱਲ ਦੀ ਪ੍ਰਬੰਧਕਾਂ ਨੇ ਪ੍ਰਵਾਹ ਨਹੀਂ ਕੀਤੀ। ਇਸ ਦਿਨ ਤੋਂ ਬਾਅਦ ਆਪ ਜੀ ਨੇ ਆਪਣੇ ਮਨ ਵਿਚ ਦ੍ਰਿੜ ਨਿਸ਼ਚਾ ਕਰ ਲਿਆ ਕਿ ਹੁਣ ਕਿਸੇ ਤੋਂ ਆਸ ਨਹੀਂ ਕਰਨੀ। ਇਸ ਤਰ੍ਹਾਂ ਆਪ ਜੀ ਨੇ ਪ੍ਰਤੀਗਿਆ ਕਰ ਲਈ ਕਿ ਉਹ ਆਪ ਹੀ ਸਕੂਲ ਖੋਲਣਗੇ। ਸੰਤ ਪ੍ਰੇਮ ਸਿੰਘ ਜੀ ਦੇ ਉੱਦਮ ਅਤੇ ਪ੍ਰੇਰਨਾ ਸਦਕਾ 01-04-1921 ਨੂੰ ਪਿੰਡ-ਟਾਂਡਾ, ਜ਼ਿਲ੍ਹਾ-ਗੁਜਰਾਤ ਵਿਚ ਗੁਰੂ ਗੋਬਿੰਦ ਸਿੰਘ ਖਾਲਸਾ ਲੁਬਾਣਾ ਹਾਈ ਸਕੂਲ ਖੋਲਿਆ। ਸੰਤ ਜੀ ਨੇ ਆਪ ਪਿੰਡ-ਪਿੰਡ ਜਾ ਕੇ ਉਗਰਾਹੀ ਕੀਤੀ ਅਤੇ ਇਕ ਬਹੁਤ ਸੁੰਦਰ ਇਮਾਰਤ ਖੜ੍ਹੀ ਕਰਕੇ ਇਹ ਸਕੂਲ ਸ਼ੁਰੂ ਕਰ ਦਿੱਤਾ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਟਾਂਡਾ ਜ਼ਿਲ੍ਹਾ-ਗੁਜਰਾਤ ਵਿਚ ਸਕੂਲ ਖੋਲ੍ਹ ਕੇ ਲੁਬਾਣਾ ਬਰਾਦਰੀ ਵਿਚ ਵਿੱਦਿਆ ਦੀ ਲਹਿਰ ਪੈਦਾ ਕਰ ਦਿੱਤੀ। ਇਸੇ ਤਰ੍ਹਾਂ ਹੀ 1944 ਵਿਚ ਬਾਬੁਕਵਾਲ ਪਿੰਡ ਵਿਚ ਹਾਈ ਸਕੂਲ ਸੰਤ ਬਾਬਾ ਪ੍ਰੇਮ ਸਿੰਘ ਦੇ ਨਾਮ ਤੇ ਖੋਲ ਦਿੱਤਾ ਅਤੇ 1945 ਵਿਚ ਖੋੜੀ ਦੂਨਾ ਸਿੰਘ ਜ਼ਿਲ੍ਹਾ-ਗੁਜਰਾਤ ਵਿਚ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਖੋਲ ਦਿੱਤਾ। 1946 ਵਿਚ ਪਿੰਡ-ਭਟਨੂਰਾ, ਜ਼ਿਲ੍ਹਾ-ਜਲੰਧਰ ਵਿਖੇ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਖੋਲਿਆ। ਆਪ ਜੀ ਨੇ ਪਿੰਡ ਨੰਗਲ ਲੁਬਾਣਾ ਵਿਚ ਵੀ ਆਪਣੇ ਨਾਮ ਤੇ ਹੀ ਸਕੂਲ ਖੋਲਿਆ। ਇਸ ਤਰ੍ਹਾਂ ਹੋਰ ਵੀ ਕਈ ਸਕੂਲ ਖੋਲ ਕੇ ਸਕੂਲਾਂ ਦਾ ਜਾਲ ਵਿਛਾ ਦਿੱਤਾ।

ਸੰਤ ਪ੍ਰੇਮ ਸਿੰਘ ਜੀ ਦੀਆਂ ਅਕਾਲੀ ਲਹਿਰ ਸਮੇਂ ਕੀਤੀਆਂ ਗਈਆਂ ਸ਼ਲਾਘਾਯੋਗ ਸੇਵਾਵਾਂ ਨੂੰ ਵੇਖਦਿਆਂ ਹੋਇਆ ਅਕਾਲੀ ਦਲ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਚੋਣ ਲਈ ਗੁਜਰਾਤ ਹਲਕੇ ਤੋਂ ਆਪਣਾ ਉਮੀਦਵਾਰ ਬਣਾਇਆ। ਉਹ ਲਗਾਤਾਰ ਛੇ ਵਾਰ ਗੁਜਰਾਤ ਹਲਕੇ ਤੋਂ ਬਿਨਾਂ ਮੁਕਾਬਲੇ ਵੱਡੇ ਫਰਕ ਨਾਲ ਜਿੱਤੇ। 1937 ਵਿਚ ਵੀ ਆਪ ਗੁਜਰਾਤ ਹਲਕੇ ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਆਪ ਜੀ ਨੇ ਪੰਜਾਬ ਵਿਧਾਨ ਸਭਾ ਦਾ ਮੈਂਬਰ ਬਨਣ ਤੋਂ ਪਹਿਲਾ ਮਸਲਾ ਮੁਲਤਾਨ ਡਵੀਜ਼ਨ ਦੇ ਲੁਬਾਣਾ ਬਰਾਦਰੀ ਦੇ ਲੋਕਾਂ ਨੂੰ ਖੇਤੀਬਾੜੀ ਵਾਲੇ ਕਬੀਲੇ ਦਾ ਦਰਜਾ ਦਿਲਵਾਉਣ ਦਾ ਬੀੜਾ ਚੁੱਕਿਆ। ਉਨ੍ਹਾਂ ਦੇ ਉੱਦਮ ਸਦਕਾ ਹੀ ਅੰਗਰੇਜ਼ ਸਰਕਾਰ ਨੇ ਪੂਰੀ ਪੜਤਾਲ ਕਰਨ ਉਪਰੰਤ ਇਹ ਪ੍ਰਵਾਨ ਕੀਤਾ ਕਿ ਖੇਤੀਬਾੜੀ ਹੀ ਉਨ੍ਹਾਂ ਦਾ ਮੁੱਖ ਕਿੱਤਾ ਸੀ। 1906 ਵਿਚ ਪੰਜਾਬ ਸਰਕਾਰ ਨੇ ਲੁਬਾਣਾ ਬਰਾਦਰੀ ਨੂੰ ਖੇਤੀਬਾੜੀ ਦੇ ਕਬੀਲਿਆ ਵਿਚ ਸ਼ਾਮਿਲ ਕਰ ਲਿਆ। ਇਹ ਸੰਤ ਪ੍ਰੇਮ ਸਿੰਘ ਜੀ ਦੀ ਮਹਾਨ ਪ੍ਰਾਪਤੀ ਸੀ। ਸੰਤ ਪ੍ਰੇਮ ਸਿੰਘ ਜੀ ਦੀ ਮਹਾਨ ਸ਼ਖਸੀਅਤ ਸਦਕਾ 1937 ਦੀ ਵਿਧਾਨ ਸਭਾ ਚੋਣ ਵਿਚ 65% ਤੋਂ ਵੱਧ ਵੋਟਾਂ ਪਈਆਂ ਅਤੇ 1946 ਦੀ ਵਿਧਾਨ ਸਭਾ ਚੋਣਾਂ ਵਿਚ 79% ਵੋਟਾਂ ਪਈਆਂ। 1947 ਵਿਚ ਪੰਜਾਬ ਦੀ ਵੰਡ ਦਾ ਲੁਬਾਣਾ ਬਰਾਦਰੀ ਤੇ ਬਹੁਤ ਡੂੰਘਾ ਪ੍ਰਭਾਵ ਪਿਆ ਕਿਉਂਕਿ 80% ਆਬਾਦੀ ਪੱਛਮੀ ਪੰਜਾਬ ਵਿਚ ਰਹਿ ਰਹੀ ਸੀ। ਆਪ ਜੀ ਨੇ ਲੁਬਾਣਾ ਬਰਾਦਰੀ ਨੂੰ ਇਕੱਠਿਆਂ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ। ਉਨ੍ਹਾਂ ਦੇ ਕਹਿਣ ਮੁਤਾਬਿਕ ਹੀ ਲੁਬਾਣਾ ਬਰਾਦਰੀ ਨੂੰ ਦਸੂਹਾ ਤਹਿਸੀਲ ਕਪੂਰਥਲਾ ਰਿਆਸਤ ਅਤੇ ਭੁਲੱਥ ਦੇ ਇਲਾਕੇ ਵਿਚ ਵਸਾਇਆ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਇਕ ਸਰਬਪੱਖੀ, ਵਿਕਸਿਤ, ਪ੍ਰਭਾਵਸ਼ਾਲੀ, ਮਹਾਨ ਅਤੇ ਵਿਲੱਖਣ ਸ਼ਖਸੀਅਤ ਸਨ। ਉਨ੍ਹਾਂ ਨੇ ਆਪਣੇ ਸਮੇਂ ਵਿਚ ਅਨੇਕਾਂ ਮਹਤੱਵਪੂਰਨ ਅਤੇ ਸ਼ਲਾਘਾਯੋਗ ਕੰਮ ਕੀਤੇ, ਜਿਸ ਕਾਰਨ ਲੁਬਾਣਾ ਬਰਾਦਰੀ ਵਿਚ ਬਹੁਤ ਜਾਗ੍ਰਿਤੀ ਆਈ ਅਤੇ ਇਹ ਬਰਾਦਰੀ ਫਰਸ਼ਾਂ ਤੋਂ ਅਰਸ਼ਾਂ ਤੇ ਪਹੁੰਚ ਗਈ। ਸਾਰੀ ਬਰਾਦਰੀ ਨੂੰ ਸੰਤ ਜੀ ਦੇ ਪਾਏ ਹੋਏ ਪੂਰਨਿਆਂ ਤੇ ਚਲਦਿਆਂ ਹੋਇਆ ਬਰਾਦਰੀ ਦੇ ਹਿਤ ਵਿਚ ਹੋਰ ਵੀ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਇਹ ਹੀ ਸਭ ਤੋਂ ਵੱਡੀ ਸ਼ਰਧਾਂਜਲੀ ਹੋਵੇਗੀ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਮੈਨਜਮੈਂਟ ਨੇ ਉਨ੍ਹਾਂ ਦੇ ਜੀਵਨ ਤੋਂ ਸੇਧ ਲੈਂਦਿਆ ਹੋਇਆ ਆਪਣੀ ਕਾਰਜਕਾਰਨੀ ਕਮੇਟੀ ਵਿਚ ਪਾਸ ਕੀਤਾ ਹੈ ਕਿ ਅਸੀਂ ਸਾਰੇ ਮਿਲ ਕੇ ਵਿੱਦਿਆ ਅਤੇ ਸਮਾਜ ਸੁਧਾਰ ਦੇ ਕੰਮਾਂ ਵਿਚ ਧਿਆਨ ਦਵਾਂਗੇ ਅਤੇ ਇਹ ਸੰਤ ਜੀ ਨੂੰ ਸਾਡੀ ਸਭ ਤੋਂ ਵੱਡੀ ਸ਼ਰਧਾਂਜਲੀ ਹੋਵੇਗੀ। ਮੈਨੂੰ ਉਮੀਦ ਹੈ ਕਿ ਲੁਬਾਣਾ ਬਰਾਦਰੀ ਦਾ ਹਰ ਮੈਂਬਰ ਸਾਨੂੰ ਸਹਿਯੋਗ ਦੇਵਾਂਗੇ।

**ਜਗੀਰ ਸਿੰਘ ਲਾਲੀਆ**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ

**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**S. Surinder Singh Ruby**
Excise & Taxation Officer (Retd.)
HIG-16, S.F., Guru Gobind Singh Avenue
G.T. Road, Bye pass, Jalandhar
Email: ruby.surinder57@gmail.com, M.: 98141-28181

**Co-Editor**
**Prof. Jaswant Singh Ph.d.**
College Road, Begowal, Kapurthala, M.: 98724-66351
**Engineer Parminderjit Singh**
524, GMT Jalandhar, M.: 99153-57524
parminderjitsingh84@yahoo.com

**Outline-Editor**
**S. Joginder Singh Ajaib**, Jalandhar
M.: 98152-69145

**Advisors**
S. Naginder Singh, Mohali
S. Jagtar Singh Multani Chief Er. (Retd.) Jal.
M.: 94172-15490

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
**ਜੁਲਾਈ - 16-06-2017 (ਐਤਵਾਰ)**
**ਅਗਸਤ - 16-07-2017 (ਐਤਵਾਰ)**


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 64 | ਜੂਨ - 2017



1. ਗੁਰਦੁਆਰਾ ਥੜ੍ਹਾ ਸਾਹਿਬ (ਬਗਦਾਦ) 5
2. ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਮਹਾਨ ਵਿਦਿਆਦਾਨੀ ਅਤੇ.... 6
3. ਧੰਨ ਧੰਨ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਇਕ ਝਲਕ 11
4. ਮਾਤਾ ਮਨਸਾ ਦੇਵੀ ਜੀ 13
5. ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ 14
6. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ 17
7. GRANT OF MERIT, MERIT-CUM MEANS SCHOLARSHIP SCHEME 2017-2018 19
8. ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ 67ਵੀਂ ਬਰਸੀ ਦੇ ਸੰਬੰਧ ਵਿਚ... 20
9. ਸ਼ੋਕ ਸਮਾਚਾਰ 21
10. ਭਖਦੇ ਮਸਲੇ 22
11. ਕਾਵਿ-ਕਿਆਰੀ 24
12. ਸਿਹਤ ਸੰਭਾਲ 25
13. (Barsi Te Vishesh) Maharaja Ranjit Singh 26
14. Journey of the Student Army to Civil 28
15. Earth Day 29
16. GRANT OF MERIT, MERIT-CUM MEANS SCHOLARSHIP SCHEME 2017-2018 30
16. ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਬਰਸੀ ਮੌਕੇ ਦਾਨ ਦੇਣ ਵਾਲੇ ਦਾਨੀ... 33
17. ਦਾਨੀ ਸੱਜਣਾਂ ਦੀ ਸੂਚੀ 36
18. ਮੈਟਰੀਮੋਨੀਅਲ 38



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by**
**Jagir Singh Lalia for Baba Makhan Shah Lobana Foundation (Regd.)**
**Sector 30-A, Chandigarh.**

**Computer Designing - WP&S, M.: 98153-78692**

# ਗੁਰਦੁਆਰਾ ਥੜ੍ਹਾ ਸਾਹਿਬ (ਬਗਦਾਦ)

ਹਰਦਿਆਲ ਸਿੰਘ ਘੋਤੜਾ (ਵਿੱਤ ਸਕੱਤਰ)



ਇਕ ਵਾਰ ਗੁਰੂ ਨਾਨਕ ਦੇਵ ਜੀ ਬਗਦਾਦ (ਇਰਾਕ) ਗਏ ਅਤੇ ਉੱਥੇ ਉਨ੍ਹਾਂ ਦਾ ਟਾਕਰਾ ਪੀਰ ਦਸਤਗੀਰ ਨਾਲ ਹੋਇਆ ਜੋ ਕਿ ਆਪਣੇ ਆਪ ਨੂੰ ਬਹੁਤ ਪਹੁੰਚਿਆ ਹੋਇਆ ਸਮਝਦੇ ਸਨ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਤਿੰਨ ਸਵਾਲ ਪੁੱਛੇ ਤਾਂ ਜੋ ਉਹ ਪੁੱਛੇ ਸਵਾਲਾਂ ਦਾ ਜਵਾਬ ਨਾ ਦੇ ਸਕਣ ਅਤੇ ਉਹ ਆਪਣੇ ਆਪ ਨੂੰ ਵੱਡਾ ਪੀਰ ਸਾਬਤ ਕਰ ਸਕਣ।

**ਪਹਿਲਾ ਸਵਾਲ :- ਪੀਰ ਦਸਤਗੀਰ** :- ਨਾਨਕ ਜੀ ਤੁਸੀਂ ਇਹ ਦੱਸੋ ਕਿ ਪ੍ਰਮਾਤਮਾ ਤੋਂ ਪਹਿਲਾ ਹਰ ਕੌਣ ਸੀ?

**ਉੱਤਰ- ਗੁਰੂ ਨਾਨਕ ਦੇਵ ਜੀ** :- ਉਨ੍ਹਾਂ ਕਿਹਾ ਦਸਤਗੀਰ ਇਕ ਪਲੇਟ ਵਿਚ ਕੁਝ ਮੋਤੀ ਮੰਗਵਾਓ ਅਤੇ ਗਿਣੋ। ਦਸਤਗੀਰ ਨੇ ਜਦੋਂ 1-2-3-4 ਕਰਕੇ ਮੋਤੀ ਗਿਨਣੇ ਸ਼ੁਰੂ ਕੀਤੇ ਤਾਂ ਗੁਰੂ ਨਾਨਕ ਜੀ ਨੇ ਵਿਚ ਹੀ ਰੋਕ ਦਿੱਤਾ ਅਤੇ ਕਿਹਾ ਇਕ ਤੋਂ ਪਹਿਲਾ ਗਿਨਣਾ ਸ਼ੁਰੂ ਕਰੋ ਤਾਂ ਦਸਤਗੀਰ ਨੇ ਕਿਹਾ ਕਿ ਇਕ ਤੋਂ ਪਹਿਲਾ ਕੁਝ ਨਹੀ ਆਉਂਦਾ। ਇਹ ਸੁਣ ਕੇ ਗੁਰੂ ਜੀ ਨੇ ਕਿਹਾ ਇਹ ਤੇਰੇ ਸਵਾਲ ਦਾ ਜਵਾਬ ਹੈ ਕਿ ਪ੍ਰਮਾਤਮਾ ਇਕੋ ਇਕ ਸੀ ਅਤੇ ਹੈ ਉਸ ਤੋਂ ਪਹਿਲਾ ਕੋਈ ਨਹੀਂ ਸੀ।

**ਦੂਜਾ ਸਵਾਲ:- ਪੀਰ ਦਸਤਗੀਰ** :- ਪ੍ਰਮਾਤਮਾ ਜੇਕਰ ਹੈ ਤਾਂ ਉਹ ਵਿਖਾਈ ਕਿਉਂ ਨਹੀਂ ਦਿੰਦਾ?

**ਉੱਤਰ- ਗੁਰੂ ਨਾਨਕ ਦੇਵ ਜੀ** :- ਗੁਰੂ ਜੀ ਨੇ ਦਸਤਗੀਰ ਨੂੰ ਕਿਹਾ ਕੁਝ ਸ਼ੁੱਧ ਦੁੱਧ ਮੰਗਵਾਓ ਤਾਂ ਦਸਤਗੀਰ ਨੇ ਸ਼ੁੱਧ ਦੁੱਧ ਮੰਗਵਾਇਆ। ਉਪਰੰਤ ਗੁਰੂ ਜੀ ਨੇ ਕਿਹਾ ਕਿ ਇਹ ਦੁੱਧ ਸ਼ੁੱਧ ਨਹੀਂ ਹੈ ਇਸ ਵਿਚ ਮਿਲਾਵਟ ਹੈ ਤਾਂ ਦਸਤਗੀਰ ਨੇ ਕਿਹਾ ਇਹ ਦੁੱਧ ਸ਼ੁੱਧ ਹੈ ਇਸ ਵਿਚ ਕੋਈ ਮਿਲਾਵਟ ਨਹੀਂ। ਜੇਕਰ ਤੁਹਾਨੂੰ ਲੱਗਦਾ ਹੈ ਕਿ ਇਸ ਵਿਚ ਮਿਲਾਵਟ ਹੈ ਤਾਂ ਦੱਸੋ ਦੁੱਧ ਵਿਚ ਕੀ ਮਿਲਿਆ ਹੈ। ਗੁਰੂ ਜੀ ਨੇ ਕਿਹਾ ਇਸ ਦੁੱਧ ਵਿਚ ਘਿਓ ਹੈ ਜੋ ਕਿ ਤੈਨੂੰ ਵਿਖਾਈ ਨਹੀਂ ਦੇ ਰਿਹਾ। ਇਸੇ ਤਰ੍ਹਾਂ ਪ੍ਰਮਾਤਮਾ ਵੀ ਸ੍ਰਿਸ਼ਟੀ ਵਿਚ ਹੈ ਪਰ ਕਿਸੇ ਨੂੰ ਵਿਖਾਈ ਨਹੀਂ ਦਿੰਦਾ। ਪ੍ਰਮਾਤਮਾ ਉਸ ਨੂੰ ਹੀ ਵਿਖਾਈ ਦਿੰਦਾ ਹੈ ਜਿਸ ਨੂੰ ਉਸ ਤੇ ਪੂਰਾ ਵਿਸ਼ਵਾਸ ਹੈ।

**ਤੀਜਾ ਸਵਾਲ:- ਪੀਰ ਦਸਤਗੀਰ** :- ਜੇਕਰ ਪ੍ਰਮਾਤਮਾ ਹੈ ਤਾਂ ਉਹ ਕੁਝ ਕਰਦਾ ਵੀ ਹੈ ਜਾਂ ਵਿਹਲਾ ਬੈਠਾ ਹੈ?

**ਉੱਤਰ- ਗੁਰੂ ਨਾਨਕ ਦੇਵ ਜੀ** :- ਗੁਰੂ ਜੀ ਜਿੱਥੇ ਖੜ੍ਹੇ ਹੋ ਕੇ ਜਵਾਬ ਦੇ ਰਹੇ ਸਨ ਉੱਥੇ ਆਉਣ ਲਈ ਦਸਤਗੀਰ ਨੂੰ ਬੋਲਿਆ। ਦਸਤਗੀਰ ਆਪਣੀ ਗੱਦੀ ਤੋਂ ਉੱਠ ਕੇ ਗੁਰੂ ਜੀ ਕੋਲ ਜਾ ਕੇ ਖੜ੍ਹੇ ਹੋ ਗਏ ਅਤੇ ਗੁਰੂ ਜੀ ਪੀਰ ਦਸਤਗੀਰ ਦੀ ਥਾਂ ਤੇ ਜਾ ਕੇ ਬੈਠ ਗਏ। ਗੁਰੂ ਜੀ ਨੇ ਕਿਹਾ ਪ੍ਰਮਾਤਮਾ ਇਹ ਕੰਮ ਕਰਦਾ ਹੈ ਜਿਸ ਨੂੰ ਜਿੱਥੋਂ ਚਾਹੇ ਉਠਾ ਦੇਵੇ ਜਿੱਥੇ ਚਾਹੇ ਬਿਠਾ ਦੇਵੇ।

ਇਹ ਸਭ ਸੁਣ ਕੇ ਪੀਰ ਦਸਤਗੀਰ ਗੁਰੂ ਜੀ ਦੇ ਚਰਨੀਂ ਪੈ ਗਿਆ ਅਤੇ ਮੁਆਫੀ ਮੰਗੀ। ਇਹ ਸਭ ਜਿਸ ਸਥਾਨ ਤੇ ਵਾਪਰਿਆ ਉਸ ਥਾਂ ਤੇ ਬਗਦਾਦ ਦੇ ਰਾਸ਼ਟਰਪਤੀ ਸਦਾਮ ਹੁਸੈਨ ਨੇ ਉੱਥੇ ਬਹੁਤ ਵੱਡਾ ਗੁਰਦੁਆਰਾ ਸਾਹਿਬ ਬਣਵਾ ਦਿੱਤਾ ਜਿਸ ਦਾ ਨਾਮ ਥੜ੍ਹਾ ਸਾਹਿਬ ਰੱਖਿਆ ਗਿਆ। ਇਸ ਗੁਰਦੁਆਰੇ ਦੀ ਬਗਦਾਦ ਵਿਚ ਬਹੁਤ ਮਹਾਨਤਾ ਹੈ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ

## ਮਹਾਨ ਵਿਦਿਆਦਾਨੀ ਅਤੇ ਸਿੱਖੀ ਦੇ ਬੇਜੋੜ ਥੰਮ




**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**




ਮਹਾਨ ਪੁਰਸ਼, ਬਾਲ ਬ੍ਰਹਮਚਾਰੀ, ਰਾਜਯੋਗੀ, ਵਿਦਿਆਦਾਨੀ, ਬ੍ਰਹਮਗਿਆਨੀ ਲੁਬਾਣਾ ਕੌਮ ਦੇ ਮਹਾਨ ਰਹਿਬਰ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦਾ ਜਨਮ 1939 ਬਿਕਰਮੀ ਸੰਮਤ, ਸੰਨ 1882 ਵਿਚ ਕੱਤਕ ਦੀ ਸੰਗਰਾਂਦ ਵਾਲੇ ਦਿਨ ਮਾਤਾ ਨਿਹਾਲ ਕੌਰ ਦੀ ਕੁਖੋਂ ਪਿਤਾ ਵਸਾਵਾ ਸਿੰਘ ਦੇ ਘਰ ਪਿੰਡ ਖੋੜੀ ਦੁੱਨਾ ਸਿੰਘ ਜ਼ਿਲ੍ਹਾ ਗੁਜਰਾਤ ਪਾਕਿਸਤਾਨ ਵਿਚ ਹੋਇਆ। ਅਜੇ ਆਪ ਜੀ ਬਹੁਤ ਛੋਟੀ ਆਯੂ ਦੇ ਸਨ ਕਿ ਮਾਤਾ ਜੀ ਚਲਾਣਾ ਕਰ ਗਏ।ਪਿਤਾ ਵਸਾਵਾ ਸਿੰਘ ਜੀ ਨੇ ਦੂਜੀ ਸ਼ਾਦੀ ਕਰ ਲਈ। ਆਪ ਜੀ ਦੀ ਪਾਲਣਾ ਪੋਸ਼ਣਾ ਮੁੱਖ ਤੌਰ 'ਤੇ ਆਪ ਜੀ ਦੇ ਦਾਦਾ ਸ. ਅਰੁੜ ਸਿੰਘ ਜੀ ਨੇ ਕੀਤੀ। ਦਾਦਾ ਅਰੁੜ ਸਿੰਘ ਖੁਦ ਗੁਰੂ ਘਰ ਦੇ ਅਨਿਨ ਸ਼ਰਧਾਲੂ, ਗੁਰਮਤਿ ਦੇ ਗਿਆਨੀ ਅਤੇ ਗੁਰਬਾਣੀ ਦੇ ਅਭਿਆਸੀ ਸਨ। ਬਾਲਕ ਪ੍ਰੇਮ ਸਿੰਘ ਨੇ ਦਾਦਾ ਅਰੁੜ ਸਿੰਘ ਦੀ ਛਤਰ ਛਾਇਆ ਹੇਠ ਗੁਰਮੁਖੀ ਅਤੇ ਗੁਰਬਾਣੀ ਦੀ ਸੋਝੀ ਪਾਈ। ਬਚਪਨ ਵਿਚ ਹੀ ਸਾਧੂ ਸੁਭਾਅ, ਨਿਰਮਲ ਸੋਚ ਅਤੇ ਗੁਰਬਾਣੀ ਪ੍ਰਤੀ ਲਗਨ ਨੂੰ ਦਾਦਾ ਅਰੁੜ ਸਿੰਘ ਜੀ ਦੀ ਅੱਖ ਨੇ ਪਛਾਣ ਲਿਆ ਅਤੇ ਹਰ ਵੇਲੇ ਲੋਕ ਸੇਵਾ ਤੇ ਗੁਰੂ ਮੱਤ ਦੇ ਧਾਰਨੀ ਬਾਲਕ ਪ੍ਰੇਮ ਸਿੰਘ ਨੂੰ ਮੁਰਾਲੇ ਵਿਖੇ ਸੰਤ ਬਿਸ਼ਨ ਸਿੰਘ ਜੀ ਦੇ ਡੇਰੇ ਛੱਡ ਆਏ।

ਮੁਰਾਲੇ ਪਹੁੰਚ ਕੇ ਬਾਲਕ ਪ੍ਰੇਮ ਸਿੰਘ ਨੂੰ ਉਨ੍ਹਾਂ ਦੀ ਗੁਰੂ ਨਾਮ ਦੀ ਭੁੱਖ ਅਤੇ ਸੰਗਤ ਦੀ ਸੇਵਾ ਕਰਨ ਦੇ ਸੁਭਾਅ ਨੂੰ ਜਿਵੇਂ ਸਭ ਕੁਝ ਹੀ ਪ੍ਰਾਪਤ ਹੋ ਗਿਆ ਹੋਵੇ। ਡੇਰੇ ਵਿਚ ਲੰਗਰ ਤਿਆਰ ਕਰਵਾਉਣਾ, ਜੂਠੇ ਬਰਤਨ ਸਾਫ਼ ਕਰਨੇ, ਸੰਤ ਮਹਾਂਪੁਰਸ਼ਾਂ ਨੂੰ ਇਸ਼ਨਾਨ ਕਰਵਾਉਣਾ ਹਰ ਵੇਲੇ ਨਾਮ ਸਿਮਰਨ ਕਰਨਾ ਹੀ ਉਨ੍ਹਾਂ ਦਾ ਰੋਜ਼ਾਨਾ ਦਾ ਕਾਜ ਵਿਹਾਰ ਬਣ ਗਿਆ ਸੀ। ਸਿਮਰਨ ਕਰਦੇ ਪ੍ਰਮਾਤਮਾ ਨਾਲ ਇਕਮਿਕ ਹੋ ਜਾਣਾ ਤੇ ਲੰਗਰ ਲਈ ਆਟਾ ਤਿਆਰ ਕਰਨ ਵਾਲੀ ਚੱਕੀ ਆਪਣੇ ਆਪ ਚਲਦੀ ਜਾਣੀ ਦੇ ਕੌਤਿਕ ਸੰਤ ਬਿਸ਼ਨ ਸਿੰਘ ਜੀ ਨੇ ਆਪ ਤੱਕਣੇ ਅਤੇ ਆਪਣੀ ਬਜ਼ੁਰਗ ਅਵਸਥਾ ਵਿਚ ਡੇਰੇ ਦੀ ਸੇਵਾ ਦਾ ਕਾਰਜ ਬਾਲਕ ਪ੍ਰੇਮ ਸਿੰਘ ਨੂੰ ਸੌਂਪ ਕੇ ਸੰਤ ਪ੍ਰੇਮ ਸਿੰਘ ਬਨਾਉਣਾ, ਪਰਮ ਪਿਤਾ ਪ੍ਰਮਾਤਮਾ ਦੀ ਬਖਸ਼ਿਸ਼ ਨੂੰ ਸੰਪੂਰਨ ਰੂਪ ਦੇਣਾ ਹੀ ਸੀ।

ਸੰਤ ਬਿਸ਼ਨ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਸੰਤ ਪ੍ਰੇਮ ਸਿੰਘ ਜੀ ਨੇ ਡੇਰਾ ਮੁਰਾਲੇ ਦੀ ਸੇਵਾ ਸੰਭਾਲਦਿਆਂ ਸਿੱਖੀ ਦੀ ਪ੍ਰਫੁੱਲਤਾ ਵੱਲ ਵਿਸ਼ੇਸ਼ ਧਿਆਨ ਦਿੱਤਾ। ਡੇਰੇ ਵਿਚ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲੇ, ਸੰਤ ਬਾਬਾ ਭਾਗ ਸਿੰਘ ਜੀ, ਸੰਤ ਪ੍ਰਾਹੁਣਾ ਸਿੰਘ ਜੀ ਤੋਂ ਇਲਾਵਾ ਕਈ ਹੋਰ ਮਹਾਂਪੁਰਸ਼ ਆਪ ਜੀ ਦੇ ਗੁਰ ਭਾਈ ਸਨ। ਸੰਤ ਪ੍ਰੇਮ ਸਿੰਘ ਜੀ ਨੇ ਬਹੁਤ ਵੱਡੇ ਪੱਧਰ ਤੇ ਅੰਮ੍ਰਿਤਪਾਨ ਕਰਵਾਉਣ ਦਾ ਬੀੜਾ ਉਠਾਇਆ। ਲੁਬਾਣਾ ਬਰਾਦਰੀ ਵਿਚ ਕਈ ਥਾਈਂ ਹੁੱਕਾ ਪੀਣ ਦਾ ਰਿਵਾਜ਼ ਸੀ, ਲੋਕਾਂ ਦਾ ਪਹਿਰਾਵਾ ਗੁਰਸਿੱਖਾਂ ਦੇ ਪਹਿਰਾਵੇ ਤੋਂ ਬਿਲਕੁਲ ਉਲਟ ਸੀ। ਔਰਤਾਂ ਸ਼ਿਕਲੀਗਰ ਔਰਤਾਂ ਵਾਂਗ ਘੱਗਰੇ ਪਾਉਂਦੀਆਂ ਸਨ।ਸੰਤ ਪ੍ਰੇਮ ਸਿੰਘ ਜੀ ਨੇ



ਲੁਬਾਣਾ ਬਰਾਦਰੀ ਦੇ ਪਿੰਡਾਂ ਵਿਚ ਵੱਡੇ ਪੱਧਰ ਤੇ ਅੰਮ੍ਰਿਤਪਾਨ ਕਰਵਾਇਆ। ਲੋਕਾਂ ਦੇ ਪਹਿਰਾਵੇ ਨੂੰ ਬਦਲਵਾਇਆ। ਜਿਸ ਪਿੰਡ ਵੀ ਜਾਂਦੇ ਅੰਮ੍ਰਿਤ ਤਿਆਰ ਕਰਵਾਇਆ ਜਾਂਦਾ ਅਤੇ ਸੰਤ ਮਹਾਰਾਜ ਦੀ ਪ੍ਰੇਰਨਾ ਸਦਕਾ ਸਾਰੇ ਦਾ ਸਾਰਾ ਨਗਰ ਹੀ ਅੰਮ੍ਰਿਤ ਛਕ ਕੇ ਸਿੱਖੀ ਵਿਚ ਪ੍ਰਵੇਸ਼ ਕਰਦਾ। ਸੰਤ ਮਹਾਰਾਜ ਦੀ ਦੀ ਸਿੱਖੀ ਨੂੰ ਇਹ ਦੇਣ ਦਾ ਕੋਈ ਸਾਨੀ ਨਹੀਂ ਹੈ। ਸਾਰੀ ਦੀ ਸਾਰੀ ਲੁਬਾਣਾ ਬਰਾਦਰੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਚਰਨੀਂ ਲਾਉਣਾ। ਸਿੱਖੀ ਅਸੂਲਾਂ ਅਤੇ ਸਿੱਖ ਰਹਿਤ ਮਰਿਆਦਾ ਨੂੰ ਪੂਰੀ ਤਰ੍ਹਾਂ ਲਾਗੂ ਕਰਵਾ ਕੇ ਸਮਾਜ ਵਿਚੋਂ ਕੁਰੀਤੀਆਂ ਖਤਮ ਕਰਨ ਦੇ ਯਤਨ ਕਰਕੇ ਸਾਰੀ ਬਰਾਦਰੀ ਨੂੰ ਗੁਰੂ ਆਸ਼ੇ ਅਤੇ ਗੁਰੂ ਮੱਤ ਅਨੁਸਾਰ ਚੱਲਣ ਦੀ ਪ੍ਰੇਰਨਾ ਦੇਣ ਕਾਰਨ ਜੇਕਰ ਸੰਤ ਪ੍ਰੇਮ ਸਿੰਘ ਜੀ ਨੂੰ ਸਿੱਖੀ ਦਾ ਮਹਾਨ ਥੰਮ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੈ।

ਮਹਾਨ ਪਰਉਪਕਾਰੀ ਸੰਤ ਪ੍ਰੇਮ ਸਿੰਘ ਜੀ ਨੇ ਜਿਥੇ ਲੁਬਾਣਾ ਬਰਾਦਰੀ ਦਾ ਧਾਰਮਿਕ ਅਧਿਆਤਮਕ ਅਤੇ ਸੱਭਿਆਚਾਰਕ ਪੱਧਰ ਉਚਾ ਕੀਤਾ ਉਥੇ ਉਨ੍ਹਾਂ ਨੂੰ ਇਸ ਬਰਾਦਰੀ ਦਾ ਆਰਥਿਕ ਪੱਧਰ ਅਤੇ ਆਉਣ ਵਾਲੇ ਸਮੇਂ ਵਿਚ ਸਮਾਜਿਕ ਰੁੱਤਬਾ ਉਚਾ ਚੁੱਕਣ ਦਾ ਫਿਕਰ ਵੀ ਬਰਾਬਰ ਸੀ। ਸੰਤ ਜੀ ਨੇ ਇਸ ਕਾਰਜ ਲਈ ਕਈ ਪੱਖਾਂ ਤੋਂ ਜ਼ਰੂਰ ਵਿਚਾਰ ਕੀਤਾ ਹੋਵੇਗਾ। ਆਪ ਜੀ ਦੀ ਉਚੀ ਅਧਿਆਤਮਕ ਪੱਧਰ ਦੀ ਸੋਚ, ਸਮਾਜਿਕ ਕਦਰਾਂ ਕੀਮਤਾਂ ਅਤੇ ਦੁਨਿਆਵੀ ਤਜ਼ਰਬੇ ਤੋਂ ਉਹਨਾਂ ਇਹ ਨਤੀਜਾ ਕੱਢਿਆ ਕਿ ਬਰਾਦਰੀ ਦੇ ਬੱਚਿਆਂ ਨੂੰ ਵਿੱਦਿਆ ਗ੍ਰਹਿਣ ਕਰਵਾਈ ਜਾਵੇ। ਵਿੱਦਿਆ ਲਈ ਵਿਦਿਆ ਮੰਦਰ ਖੋਹਲੇ ਜਾਣ ਤਾਂ ਪੜ੍ਹ ਲਿਖ ਕੇ ਆਉਣ ਵਾਲੇ ਸਮੇਂ ਵਿਚ ਬਰਾਦਰੀ ਆਪਣਾ ਆਰਥਿਕ ਤੇ ਸਮਾਜਿਕ ਪੱਧਰ ਆਪਣੇ ਆਪ ਉਚਾ ਕਰ ਲਵੇਗੀ। ਬਹੁਤ ਦੂਰਅੰਦੇਸ਼ੀ ਤੇ ਕਰਾਮਾਤੀ ਸੋਚ ਸੀ। ਸੋਚੋ, ਜੋ ਪੁਰਖ ਆਪ ਕਦੀ ਵੀ ਦੁਨਿਆਵੀ ਪੜ੍ਹਾਈ ਕਰਨ ਲਈ ਕਿਸੇ ਸਕੂਲ ਨਹੀਂ ਗਿਆ, ਉਹ ਵੀ ਅੰਗਰੇਜ਼ ਦੇ ਰਾਜ ਭਾਗ ਵਿਚ, ਜਿਸ ਦੀ ਸੋਚ ਨੂੰ ਹਿੰਦੁਸਤਾਨੀਆਂ ਦੀ ਅਕਲੀ ਬਡੋਤਰੀ ਕਿਸੇ ਤਰ੍ਹਾਂ ਵੀ ਰਾਸ ਨਹੀਂ ਆਉਂਦੀ ਸੀ। ਉਸ ਵੇਲੇ ਇਹ ਸੋਚ ਸੋਚਣੀ ਤੇ ਉਸ ਉਤੇ ਠੋਕ ਕੇ ਪਹਿਰਾ ਦੇਣਾ ਅਤੇ ਪੂਰੀ ਕਰਕੇ ਵਿਖਾਉਣੀ ਕਿਸੇ ਕਰਾਮਾਤ ਤੋਂ ਘੱਟ ਨਹੀਂ ਹੋ ਸਕਦੀ। ਸੰਤ ਪ੍ਰੇਮ ਸਿੰਘ ਜੀ ਨੇ ਬਰਾਦਰੀ ਦੇ ਪਿੰਡਾਂ ਵਿਚ ਹੇਠ ਲਿਖੇ ਅਨੁਸਾਰ ਚਾਰ ਹਾਈ ਸਕੂਲ ਖੋਹਲੇ।

1. ਗੁਰੂ ਗੋਬਿੰਦ ਸਿੰਘ ਖਾਲਸਾ ਹਾਈ ਸਕੂਲ ਟਾਂਡਾ ਜ਼ਿਲ੍ਹਾ ਗੁਜਰਾਤ
2. ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਬਾਬਕਵਾਲ ਜ਼ਿਲ੍ਹਾ ਸ਼ੇਖੁਪੁਰਾ
3. ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਖੜੀ ਦੁੱਨਾ ਸਿੰਘ ਜ਼ਿਲ੍ਹਾ ਗੁਜਰਾਤ
4. ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਭਟਨੂਰਾ ਲੁਬਾਣਾ ਜ਼ਿਲ੍ਹਾ ਜਲੰਧਰ

ਦੇਸ਼ ਦੀ ਵੰਡ ਤੋਂ ਬਾਅਦ ਪਹਿਲੇ ਤਿੰਨ ਸਕੂਲ ਕਰਮਵਾਰ ਮਿਆਣੀ ਅਫਗਾਨਾ, ਮੁਕੇਰੀਆਂ ਅਤੇ ਬੇਗੋਵਾਲ ਵਿਚ ਤਬਦੀਲ ਹੋ ਗਏ ਸਨ ਜੋ ਅੱਜ ਵੀ ਬਰਾਦਰੀ ਦੀ ਸੇਵਾ ਕਰ ਰਹੇ ਹਨ।

ਇਨ੍ਹਾਂ ਤੋਂ ਇਲਾਵਾ ਬਹੁਤ ਸਾਰੇ ਮਿਡਲ ਅਤੇ ਪ੍ਰਾਇਮਰੀ ਸਕੂਲ ਵੀ ਖੋਹਲੇ। ਇਹ ਸਕੂਲ ਬਰਾਦਰੀ ਦੇ ਲੋਕਾਂ ਦੇ ਦਾਨ ਨਾਲ ਚਲਦੇ ਸਨ। ਸੰਤ ਪ੍ਰੇਮ ਸਿੰਘ ਜੀ ਦੇ ਹੁਕਮ ਨਾਲ ਦਾਨ ਦੀ ਕੋਈ ਕਮੀ ਨਹੀਂ ਸੀ ਰਹਿੰਦੀ। ਇਹ ਸਕੂਲ ਅੱਜ ਦੇ ਸੰਤ ਸਾਧਾਂ ਦੇ ਮੁਨਾਫ਼ੇ ਲਈ ਚਲਾਏ ਸਕੂਲਾਂ ਵਾਂਗ ਨਹੀਂ ਸਨ। ਬਰਾਦਰੀ ਦੀ ਨਵੀਂ ਪੀੜ੍ਹੀ ਨੂੰ ਵਿੱਦਿਆ ਦੇ ਕੇ ਸਮੁੱਚੀ ਬਰਾਦਰੀ ਨੂੰ ਉਚਾ ਚੁੱਕਣ ਦੀ ਪਵਿੱਤਰ ਸੋਚ ਨਾਲ ਲਬਰੇਜ ਭਾਵਨਾ ਨਾਲ ਇਹ ਬੀੜਾ ਚੁੱਕਿਆ ਗਿਆ ਸੀ। ਜਿਸ ਦਾ ਬਰਾਦਰੀ ਨੂੰ ਬਹੁਤ ਫਾਇਦਾ ਹੋਇਆ।

ਸਮਾਜ ਨੂੰ ਧਾਰਮਿਕ, ਵਿੱਦਿਅਕ ਅਤੇ ਸੱਭਿਆਚਾਰਕ ਸੇਧ ਦੇਣ ਦੇ ਨਾਲ-ਨਾਲ ਸੰਤ ਪ੍ਰੇਮ ਸਿੰਘ ਜੀ ਨੇ ਬਰਾਦਰੀ ਸਮੇਤ ਸਮੁੱਚੇ ਸਿੱਖ ਜਗਤ ਵਿਚੋਂ ਸਮਾਜਿਕ ਕੁਰੀਤੀਆਂ ਦੂਰ ਕਰਨ ਦਾ ਬੀੜਾ ਚੁੱਕਿਆ। ਬਰਾਦਰੀ ਦੇ ਮੁੱਖ ਪਿੰਡਾਂ ਵਿਚ ਵਿਹਾਰ ਸੁਧਾਰ ਕਾਨਫਰੰਸਾਂ ਕੀਤੀਆਂ ਗਈਆਂ। ਵਿਆਹਾਂ ਵਿਚ ਨਜਾਇਜ਼ ਖਰਚੇ, ਬਰਾਤ ਠਹਿਰਨ ਦੇ ਦਿਨਾਂ ਤੇ ਪਾਬੰਦੀ, ਦਹੇਜ ਤੇ ਪਾਬੰਦੀ, ਮਰਨੇ 'ਤੇ ਇਕੱਠ ਕਰਨ ਦੀ ਮਨਾਹੀ ਆਦਿ ਲਈ ਲੋਕਾਂ ਨੂੰ ਪ੍ਰੇਰਿਆ ਗਿਆ।

ਸਿੱਖ ਧਰਮ ਨੂੰ ਵਡਮੁਲੀਆਂ ਦੇਣਾਂ ਦੇਣ ਕਾਰਨ, ਸੰਨ 1936 ਵਿਚ ਆਪ ਜੀ ਨੂੰ ਪਹਿਲੀ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਾਇਆ ਗਿਆ ਅਤੇ ਆਪ ਆਪਣੀ ਸਾਰੀ ਜ਼ਿੰਦਗੀ ਸਿੱਖਾਂ ਦੀ ਮਹਾਨ ਸੰਸਥਾ ਦੇ ਮੈਂਬਰ ਰਹੇ। ਕਾਰਜਕਾਰਨੀ ਮੈਂਬਰ ਵੀ ਰਹੇ। ਸਿੱਖ ਰਹਿਤ ਮਰਿਆਦਾ ਕਮੇਟੀ ਦੇ ਵੀ ਆਪ ਮੈਂਬਰ ਸਨ। ਆਪ ਜੀ ਨੇ ਹਰਿਮੰਦਰ ਸਾਹਿਬ ਦੇ ਲਹਿੰਦੇ ਪਾਸੇ ਦੇ ਪੱਖ ਦੀ ਸੇਵਾ ਵੀ ਕਰਵਾਈ। ਡੇਰਾ ਮੁਰਾਲਾ ਸਾਹਿਬ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਈ ਇਸ ਸੇਵਾ ਦਾ ਨਿਸ਼ਾਨ ਪੱਥਰ ਅੱਜ ਵੀ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਹਰ ਕੀ ਪੌੜੀ ਦੀ ਲਹਿੰਦੇ ਪਾਸੇ ਦੀ ਦੀਵਾਰ ਦੇ ਬਾਹਰਵਾਰ ਲੱਗਾ ਹੋਇਆ ਹੈ।

ਬਰਾਦਰੀ ਦਾ ਕੋਈ ਵੀ ਸ਼ਖ਼ਸ ਜਦ ਉਸ ਨੂੰ ਵੇਖਦਾ ਪੜ੍ਹਦਾ ਹੈ ਤਾਂ ਧੰਨ ਧੰਨ ਸੰਤ ਪ੍ਰੇਮ ਸਿੰਘ ਕਹਿ ਕੇ ਮਾਣ ਜਿਹਾ ਮਹਿਸੂਸ ਕਰਦਾ ਹੈ। ਆਪ ਜੀ ਦੋ ਵਾਰ ਪੰਜਾਬ ਅਸੰਬਲੀ ਦੇ ਮੈਂਬਰ ਰਹੇ। ਬਜ਼ੁਰਗ ਦੱਸਦੇ ਹਨ ਕਿ ਵੋਟਾਂ ਵਾਲੇ ਬਕਸਿਆਂ ਵਿਚੋਂ ਵੋਟ ਦੇ ਨਾਲ ਨੱਥੀ ਕੀਤੇ ਨੋਟ ਵੀ ਨਿਕਲਦੇ ਸਨ ਜੋ ਸੰਗਤ ਦੀ ਆਪ ਜੀ ਪ੍ਰਤੀ ਸ਼ਰਧਾ ਅਤੇ ਪ੍ਰੇਮ ਦਾ ਸਬੂਤ ਸੀ। ਬਹੁਤ ਹੀ ਨਿਮਰਤਾ ਅਤੇ ਘੱਟ ਬੋਲਣ ਵਾਲੇ ਸੰਤ ਪ੍ਰੇਮ ਸਿੰਘ ਜੀ ਬੜੀ ਵਿਸ਼ਾਲ ਅਤੇ ਠੋਸ ਸੋਚ ਦੇ ਮਾਲਕ ਸਨ। ਦੇਸ਼ ਦੀ ਵੰਡ ਤੋਂ ਬਾਅਦ ਲੁਬਾਣਾ ਬਰਾਦਰੀ ਦੇ ਭਵਿੱਖ ਦੀ ਫ਼ਿਕਰ ਕਰਦੇ ਹੋਏ ਫੈਸਲਾ ਕੀਤਾ ਕਿ ਸਾਰੀ ਬਰਾਦਰੀ ਨੂੰ ਇਕੋ ਇਲਾਕੇ ਵਿਚ ਇਕੱਠਾ ਬਿਠਾਇਆ ਜਾਵੇ। ਸੋਚ ਸਮਾਜਿਕ ਅਤੇ ਰਾਜਨੀਤਕ ਵੀ ਸੀ। ਬਰਾਦਰੀ ਦੇ ਲੋਕਾਂ ਵੱਲੋਂ ਆਪਸੀ ਵਿਆਹ ਸ਼ਾਦੀਆਂ ਦੇ ਰਿਸ਼ਤੇ ਨੇੜੇ ਹੀ ਹੋ ਜਾਣਗੇ। ਦੂਰ-ਦੁਰਾਡੇ ਦੇ ਫਾਲਤੂ ਖਰਚ ਨਹੀਂ ਉਠਾਉਣੇ ਪੈਣਗੇ। ਰਾਜਨੀਤਕ ਪਿੜ ਵਿਚ ਵੀ ਆਪਣਾ ਕੋਈ ਨੁਮਾਇਦਾ ਚੁਣ ਲਿਆ ਕਰਨਗੇ। ਗਿਆਨੀ ਹਰਚਰਨ ਸਿੰਘ ਜੀ ਨੰਗਲ ਲੁਬਾਣੇ ਵਲੋਂ ਜੋ ਸੰਤ ਮਹਾਰਾਜ ਦੇ ਬਹੁਤ ਨਿਕਟਵਰਤੀ ਸਨ, ਦੀ ਸਲਾਹ ਦਾ ਵੀ ਅਸਰ ਸੀ ਕਿ ਕਪੂਰਥਲੇ ਜ਼ਿਲ੍ਹੇ ਦੀ ਭੁਲੱਥ ਤਹਿਸੀਲ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੀ ਦਸੂਹਾ ਤਹਿਸੀਲ ਜਿੱਥੇ ਲੁਬਾਣਾ ਬਰਾਦਰੀ ਦੇ ਪਹਿਲੇ ਹੀ ਕਾਫੀ ਪਿੰਡ ਹਨ। ਇਸ ਲਈ ਸੰਤ ਮਹਾਰਾਜ ਇਸ ਇਲਾਕੇ ਵਿਚ ਹੀ ਬਰਾਦਰੀ ਨੂੰ ਇੱਕਠੇ ਬਿਠਾਉਣ ਦਾ ਫੈਸਲਾ ਕਰਨ। ਇਲਾਕੇ ਵਿਚੋਂ ਮੁਸਲਮਾਨਾਂ ਦੇ ਕਾਫੀ ਪਿੰਡ ਖਾਲੀ ਹੋ ਰਹੇ ਸਨ। ਸੰਤ ਮਹਾਰਾਜ ਨੇ ਬਰਾਦਰੀ ਨੂੰ ਇਥੇ ਬਿਠਾਉਣ ਦਾ ਫੈਸਲਾ ਕਰ ਲਿਆ। ਸੰਤਾਂ ਨੇ ਖੁਦ ਬੇਗੋਵਾਲ ਡੇਰੇ ਲਾ ਲਏ। ਸਭ ਪਾਸੇ ਇਸ ਇਲਾਕੇ ਵਿਚ ਬੈਠਣ ਦੇ ਸੁਨੇਹੇ ਭੇਜੇ ਗਏ। ਸ. ਈਸ਼ਰ ਸਿੰਘ ਮਝੈਲ ਮੁੜ ਵਸਾਊ ਮਹਿਕਮੇ ਦੇ ਵਜ਼ੀਰ ਸਨ। ਸੰਤ ਮਹਾਰਾਜ ਨੇ ਉਨ੍ਹਾਂ ਨੂੰ ਕਹਿ ਕੇ ਕਪੂਰਥਲੇ ਜ਼ਿਲ੍ਹੇ ਦੀ ਭੁਲੱਥ ਤਹਿਸੀਲ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੀ ਦਸੂਹਾ ਤਹਿਸੀਲ ਦਾ ਇਲਾਕਾ ਲੁਬਾਣਾ ਬਰਾਦਰੀ ਦੇ ਲੋਕਾਂ ਨੂੰ ਵਸਾਉਣ ਲਈ ਰੱਖਵਾ ਲਿਆ। ਸੰਤਾਂ ਦੇ ਸੁਨੇਹੇ ਨੂੰ ਹੁਕਮ ਮੰਨਦੇ ਹੋਏ ਬਰਾਦਰੀ ਦੇ ਲੋਕ ਮੁਕੇਰੀਆਂ ਤੋਂ ਸੁਭਾਨਪੁਰ ਤੱਕ ਦੇ ਪਿੰਡਾਂ ਵਿਚ ਬੈਠਣੇ ਸ਼ੁਰੂ ਹੋ ਗਏ। ਤਹਿਸੀਲ ਭੁਲੱਥ ਅਤੇ ਦਸੂਹਾ ਦਾ ਇਲਾਕਾ ਦਰਿਆ ਬਿਆਸ ਦੀ ਮਾਰ ਹੇਠ ਸੀ, ਜ਼ਮੀਨ ਕੁਝ ਕਲਰਾਠੀ ਦੇ ਕੁਝ ਛੋਟੀਆਂ-ਛੋਟੀਆਂ ਕਿੱਕਰਾਂ ਝਾੜੀਆਂ ਨਾਲ ਭਰੀ ਬੇਅਬਾਦ ਸੀ। ਸੰਗਤਾਂ ਨੇ ਖਦਸ਼ੇ ਵੀ ਜ਼ਾਹਰ ਕੀਤੇ ਪ੍ਰੰਤੂ ਸੰਤ ਮਹਾਰਾਜ ਜੀ ਜਵਾਬ ਵਿਚ ਕਹਿੰਦੇ ਸਨ ਤੁਸੀਂ ਦੇਖਿਓ ਇਹੀ ਜ਼ਮੀਨਾਂ ਸੋਨਾ ਉਗਲਣਗੀਆਂ ਅਤੇ ਇਥੇ ਸੜਕਾਂ ਦੇ ਜਾਲ ਵਿਛਣਗੇ। ਤੁਸੀਂ ਇਥੇ ਹੀ ਬਹੁਤ ਤਰੱਕੀਆਂ ਕਰੋਗੇ। ਸੰਤਾਂ ਉਤੇ ਅਥਾਹ ਭਰੋਸੇ ਨਾਲ ਬਰਾਦਰੀ ਦੇ ਲੋਕਾਂ ਵੱਲੋਂ ਜ਼ਮੀਨਾਂ ਅਬਾਦ ਕਰਨ ਦੀ ਅਣਥੱਕ ਮਿਹਨਤ ਕਰਨ ਕਾਰਨ ਸੰਤ ਮਹਾਰਾਜ ਦੇ ਬੋਲ ਸੱਚ ਹੋਏ।

ਲੁਬਾਣਾ ਬਰਾਦਰੀ ਦੇ ਬਗੀਚੇ ਦਾ ਮਾਲੀ ਜਿਹੜਾ ਇਕ ਇਕ ਪੱਤੇ, ਇਕ ਇਕ ਬੂਟੇ ਤੇ ਡਾਲੀਆਂ ਦੀ ਸਾਰ ਲੈਂਦਾ ਸੀ, ਦਿਨ ਰਾਤ ਹਰ ਵੇਲੇ ਆਪਣੀ ਬਰਾਦਰੀ ਦੇ ਭਲੇ ਲਈ ਫ਼ਿਕਰਮੰਦ ਰਹਿੰਦਾ ਸੀ। ਜਿਸ ਨੂੰ ਲੁਬਾਣਾ ਬਰਾਦਰੀ ਦਾ ਹਰ ਸਖ਼ਸ਼ ਦੱਸ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਆਪਣਾ ਰਹਿਬਰ ਅਤੇ ਪੈਗੰਬਰ ਮੰਨਦਾ ਸੀ ਤੇ ਅੱਜ ਵੀ ਮੰਨਦਾ ਹੈ ਅਤੇ ਸਤਿਕਾਰ ਦਿੰਦਾ ਹੈ, ਮਿਤੀ 2 ਜੂਨ 1950 ਨੂੰ ਆਪਣੇ ਪਿਆਰਿਆਂ ਨੂੰ ਵਿਲਕਦੇ ਅਤੇ ਮੁਰਝਾਏ ਛੱਡ ਕੇ ਜਲ ਕਾ ਜਲ ਹੂਆ ਰਾਮ ਵਾਂਗ ਪ੍ਰਮਾਤਮਾ ਨਾਲ ਇਕਮਿਕ ਹੋ ਗਏ। ਡੇਰਾ ਸੰਤ ਪ੍ਰੇਮ ਸਿੰਘ ਜੀ ਬੇਗੋਵਾਲ ਵਿਖੇ ਆਪ ਜੀ ਦੀ ਸਲਾਨਾ ਬਰਸੀ ਹਰ ਸਾਲ 1, 2 ਅਤੇ 3 ਜੂਨ ਨੂੰ ਬੜੇ ਸਤਿਕਾਰ ਅਤੇ ਸ਼ਰਧਾ ਨਾਲ ਮਨਾਈ ਜਾਂਦੀ ਹੈ।

ਸੰਤ ਪ੍ਰੇਮ ਸਿੰਘ ਜੀ ਦੇ ਪ੍ਰਲੋਕ ਗਮਨ ਤੋਂ ਬਾਅਦ ਡੇਰੇ ਦੇ ਸ਼ੁਭਚਿੰਤਕਾਂ ਅਤੇ ਨਿਰਮਲ ਭੇਖ ਦੁਆਰਾ ਸੰਤ ਮਹਾਰਾਜ ਦੇ ਸਭ ਤੋਂ ਨਜ਼ਦੀਕੀ ਭਗਤ ਸਰਦਾਰ ਸਿੰਘ ਨੂੰ ਡੇਰੇ ਦਾ ਮੁਖੀ ਥਾਪਿਆ ਗਿਆ। ਕਿਉਂ ਜੋ ਭਗਤ ਸਰਦਾਰ ਸਿੰਘ ਲੁਬਾਣਾ ਬਰਾਦਰੀ ਵਿਚੋਂ ਨਹੀਂ ਸਨ ਇਸ ਲਈ ਬਰਾਦਰੀ ਦੇ ਸੱਜਣਾਂ ਨੇ ਸੰਤ ਪ੍ਰੇਮ ਸਿੰਘ ਜੀ ਦੇ ਛੋਟੇ ਭਰਾਤਾ ਬਾਵਾ ਹਰਨਾਮ ਸਿੰਘ ਨੂੰ ਡੇਰੇ ਦਾ ਅਗਲਾ ਮੁਖੀ ਥਾਪਣ ਦੀ ਮੁਹਿੰਮ ਛੇੜੀ। ਕੁਝ ਵਿਰੋਧਤਾ ਬਾਅਦ ਕਾਮਯਾਬੀ ਮਿਲ ਗਈ ਤੇ ਭਗਤ ਸਰਦਾਰ ਸਿੰਘ ਦੀ ਜਗ੍ਹਾ ਬਾਵਾ ਹਰਨਾਮ ਸਿੰਘ ਨੂੰ ਡੇਰੇ ਦਾ ਮੁਖੀ ਥਾਪ ਦਿੱਤਾ ਗਿਆ। ਬਰਾਦਰੀ ਵੱਲੋਂ ਹੋਲੀ-ਹੋਲੀ ਬਾਵਾ ਹਰਨਾਮ ਸਿੰਘ ਜੀ ਨੂੰ ਡੇਰਾ ਮੁਖੀ ਪ੍ਰਵਾਨ ਕਰ ਲਿਆ ਅਤੇ ਉਨ੍ਹਾਂ ਵੱਲੋਂ ਲੜੀਆਂ ਪੰਜਾਬ ਵਿਧਾਨ ਸਭਾ ਲਈ ਪੰਜ ਚੋਣਾਂ ਵਿਚੋਂ ਦੋ ਵਾਰ ਫਤਹਿ ਦਿਵਾਈ। ਬਾਵਾ ਜੀ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਦੀ 1969-70 ਵਾਲੀ ਸਰਕਾਰ ਵਿਚ ਜੰਗਲਾਤ ਰਾਜ ਮੰਤਰੀ ਵੀ ਰਹੇ। ਸੰਤ ਪ੍ਰੇਮ ਸਿੰਘ ਜੀ ਦੀ ਸਾਰੀ ਜ਼ਮੀਨੀ ਜਾਇਦਾਦ ਅਤੇ ਬੈਂਕ ਵਿਚ ਪਈ ਨਕਦੀ, ਸੰਤਾਂ ਦੇ ਨਾਮ ਨਾਲ ਵਲਦੀਅਤ ਲਿਖੀ ਹੋਣ ਕਾਰਨ ਅਦਾਲਤ ਰਾਹੀਂ ਬਾਵਾ ਹਰਨਾਮ ਸਿੰਘ ਨੂੰ ਮਿਲ ਗਈ। ਸੰਤ ਮਹਾਰਾਜ ਦੀ ਸੰਸਕਾਰ ਸਥਾਨ 'ਤੇ ਬਣੀ ਯਾਦਗਾਰ ਬੜੀ ਛੋਟੀ ਅਤੇ ਬਾਲਿਆਂ ਦੀ ਛੱਤ ਵਾਲੀ ਸੀ। ਬਰਾਦਰੀ ਦੇ ਹਰ ਇਕੱਠ ਅਤੇ ਸੰਤਾਂ ਦੀ ਬਰਸੀ ਮੌਕੇ ਬਰਾਦਰੀ ਦੇ ਸਿਰਕੱਢ ਸੱਜਣਾਂ ਅਤੇ ਆਮ ਸੰਗਤਾਂ ਵਿਚ ਸੰਤਾਂ ਦੀ ਯਾਦਗਾਰ ਉਨ੍ਹਾਂ ਦੇ ਕੱਦ ਬੁੱਤ ਦੇ ਬਰਾਬਰ ਦੀ ਨਾ ਹੋਣ ਦੀ ਗੱਲ ਵੀ ਛਿੜਦੀ। ਬਰਾਦਰੀ ਦੇ ਮੋਹਤਬਰ ਸੱਜਣਾਂ ਨੇ ਕਈ ਵਾਰ ਬਾਵਾ ਜੀ ਪਾਸ ਸੰਤਾਂ ਦੀ ਯਾਦਗਾਰ ਨੂੰ ਸੁੰਦਰ ਅਤੇ ਵੱਡੀ ਬਨਾਉਣ ਦੀ ਮੰਗ ਵੀ ਰੱਖੀ ਪ੍ਰੰਤੂ ਕਿਸੇ ਵੀ ਕਾਰਨਾਂ ਵੱਸ ਬਾਵਾ ਹਰਨਾਮ ਸਿੰਘ ਜੀ ਇਸ ਅਸਥਾਨ ਨੂੰ ਸੁੰਦਰ ਅਤੇ ਵੱਡਾ ਕਰਨ ਦਾ ਫੈਸਲਾ ਨਾ ਲੈ ਸਕੇ। ਸੰਨ 1980 ਈ. ਵਿਚ ਬਾਵਾ ਜੀ ਦੀ ਮੌਤ ਹੋ ਗਈ। ਬਾਵਾ ਜੀ ਦੇ ਸਪੁੱਤਰ ਬਾਵਾ ਵਰਿੰਦਰ ਸਿੰਘ ਅਤੇ ਬਾਵਾ ਚਰਨਜੀਤ ਸਿੰਘ ਸਨ। ਬਾਵਾ ਹਰਨਾਮ ਸਿੰਘ




ਜੀ ਦੇ ਭੋਗ ਤੇ ਬਰਾਦਰੀ ਦੇ ਮੋਹਤਬਰ ਸੱਜਣਾਂ ਅਤੇ ਪਰਿਵਾਰ ਦੀ ਸਹਿਮਤੀ ਨਾਲ ਬਾਵਾ ਵਰਿੰਦਰ ਸਿੰਘ ਨੂੰ ਡੇਰਾ ਮੁਖੀ ਦੀ ਪੱਗ ਬਨਵਾਈ ਗਈ ਅਤੇ ਬਾਵਾ ਚਰਨਜੀਤ ਸਿੰਘ ਨੂੰ ਬਾਵਾ ਜੀ ਦੀ ਸਿਆਸਤ ਅਤੇ ਸਕੂਲਾਂ ਆਦਿ ਦੇ ਪ੍ਰਬੰਧਾਂ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ। ਬਾਵਾ ਜੀ ਦੇ ਜੀਵਨ ਕਾਲ ਵਿਚ ਹੀ ਦੋਨੋਂ ਭਰਾਵਾਂ ਦੀਆਂ ਸ਼ਾਦੀਆਂ ਹੋ ਗਈਆਂ ਸਨ। ਬਾਵਾ ਚਰਨਜੀਤ ਸਿੰਘ ਦੀ ਸ਼ਾਦੀ ਬੀਬੀ ਜਗੀਰ ਕੌਰ ਸਪੁੱਤਰੀ ਸ. ਗਿਰਧਾਰਾ ਸਿੰਘ ਵਾਸੀ ਭਟਨੂਰਾ ਲੁਬਾਣਾ ਜ਼ਿਲ੍ਹਾ ਜਲੰਧਰ ਨਾਲ ਸਾਲ 1979 ਵਿਚ ਹੋਈ। ਬੀਬੀ ਜਗੀਰ ਕੌਰ ਜੀ ਉਸ ਵੇਲੇ ਸਰਕਾਰੀ ਗਰਲਜ ਸਕੂਲ ਬੇਗੋਵਾਲ ਵਿਚ ਹਿਸਾਬ ਦੇ ਵਿਸ਼ੇ ਦੇ ਅਧਿਆਪਕ ਸਨ। ਆਪ ਜੀ ਦੇ ਘਰ ਦੋ ਬੇਟੀਆਂ ਨੇ ਜਨਮ ਲਿਆ। ਜ਼ਿੰਦਗੀ ਆਪਣੀ ਰਫ਼ਤਾਰ ਨਾਲ ਬੜੀ ਸੋਹਣੀ ਚਲ ਰਹੀ ਸੀ ਕਿ ਅਚਾਨਕ ਬਾਵਾ ਚਰਨਜੀਤ ਸਿੰਘ ਨੂੰ ਸਿਰ ਵਿਚ ਦਰਦ ਰਹਿਣ ਲੱਗ ਪਿਆ। ਟੈਸਟ ਹੋਣ ਤੇ ਪਤਾ ਚੱਲਿਆ ਕਿ ਸਿਰ ਵਿਚ ਦਿਮਾਗ਼ ਦੇ ਨਜ਼ਦੀਕ ਰਸੌਲੀ ਹੈ। ਬੜਾ ਇਲਾਜ ਹੋਇਆ। ਬਾਵਾ ਚਰਨਜੀਤ ਸਿੰਘ ਵੱਲੋਂ ਸਕੂਲਾਂ ਦੇ ਪ੍ਰਬੰਧ ਚਲਾਉਂਦਿਆਂ ਉਨ੍ਹਾਂ ਦੀ ਨੇੜਤਾ ਮਾਸਟਰ ਬਲਵੀਰ ਸਿੰਘ ਜੋ ਕਿ ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਬੇਗੋਵਾਲ ਵਿਚ ਹੀ ਸਰੀਰਕ ਸਿੱਖਿਆ ਅਧਿਆਪਕ ਸੀ, ਨਾਲ ਦੋਸਤਾਂ ਵਾਂਗ ਬਣ ਗਈ। ਸਕੂਲ ਨਾਲ ਸੰਬੰਧਤ ਸਾਰੇ ਕੰਮਾਂ ਵਿਚ ਮਾਸਟਰ ਬਲਬੀਰ ਸਿੰਘ ਬਾਵਾ ਚਰਨਜੀਤ ਸਿੰਘ ਜੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੋਇਆ ਅਤੇ ਉਨ੍ਹਾਂ ਦੀ ਬੀਮਾਰੀ ਵੇਲੇ ਵੀ ਹਰ ਤਰ੍ਹਾਂ ਦੇ ਇਲਾਜ ਲਈ ਦੂਰ-ਦੁਰਾਡੇ ਤੱਕ ਪਰਿਵਾਰ ਦੇ ਨਾਲ ਰਿਹਾ। ਬਾਵਾ ਚਰਨਜੀਤ ਸਿੰਘ ਬੀਮਾਰੀ ਤੋਂ ਜਿੱਤ ਨਾ ਸਕੇ ਅਤੇ 1983 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਬਾਵਾ ਚਰਨਜੀਤ ਸਿੰਘ ਜੀ ਦੇ ਭੋਗ ਤੇ ਬੀਬੀ ਜਗੀਰ ਕੌਰ ਜੀ ਨੂੰ ਬਾਵਾ ਚਰਨਜੀਤ ਸਿੰਘ ਵੱਲੋਂ ਚਲਾਏ ਜਾ ਰਹੇ ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਬੇਗੋਵਾਲ ਦਾ ਮੁਖੀ ਥਾਪ ਦਿੱਤਾ। ਬੀਬੀ ਜੀ ਨੇ ਆਪਣੀ ਸਰਕਾਰੀ ਨੌਕਰੀ ਜਾਰੀ ਰੱਖੀ। ਸਮੁੱਚੀ ਬਰਾਦਰੀ ਅਤੇ ਬਰਾਦਰੀ ਦੇ ਮੋਹਤਬਰ ਸੱਜਣ ਜਿਨ੍ਹਾਂ ਦੀ ਦਿਲੀ ਤਮੰਨਾ ਸੀ ਕਿ ਸੰਤ ਪ੍ਰੇਮ ਸਿੰਘ ਜੀ ਦੀ ਯਾਦਗਾਰ ਉਨ੍ਹਾਂ ਜਿੱਡੀ ਵੱਡੀ ਅਤੇ ਸੁੰਦਰ ਬਣੇ। ਉਨ੍ਹਾਂ ਨੇ ਇਹ ਮੰਗ ਡੇਰਾ ਮੁਖੀ ਦੀ ਗੱਦੀ ਤੇ ਬੈਠੇ ਬਾਵਾ ਵਰਿੰਦਰ ਸਿੰਘ ਪਾਸ ਰੱਖਣੀ ਸ਼ੁਰੂ ਕਰ ਦਿੱਤੀ। ਬਾਵਾ ਵਰਿੰਦਰ ਸਿੰਘ ਨੇ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਜੋ ਮੰਗ ਮੇਰੇ ਪਿਤਾ ਬਾਵਾ ਹਰਨਾਮ ਸਿੰਘ ਜੀ ਨੇ ਨਹੀਂ ਮੰਨੀ ਸੀ ਉਸ ਨਾਲ ਮੈਂ ਵੀ ਸਹਿਮਤ ਨਹੀਂ ਹੋ ਸਕਦਾ। ਲੋਕ ਨਿਰਾਸ਼ ਸਨ, ਮੰਨ ਵਿਚ ਜੋਸ਼ ਸੀ ਕਿ ਯਾਦਗਾਰ ਨੂੰ ਵੱਡੀ ਕਰਨ ਵਾਲੀ ਜਗ੍ਹਾ ਜੋ ਅਸੀਂ ਮੰਗ ਰਹੇ ਹਾਂ ਉਹ ਤਾਂ ਸੰਤ ਪ੍ਰੇਮ ਸਿੰਘ ਜੀ ਦੀ ਵਿਰਾਸਤ ਵਿਚ ਲਈ ਗਈ ਜ਼ਮੀਨ ਵਿਚੋਂ ਮੰਗ ਰਹੇ ਹਾਂ। ਯਾਦਗਾਰ ਵੱਡੀ ਹੋਣ ਤੇ ਸ਼ਰਧਾ ਨਾਲ ਜੋ ਚੜ੍ਹਾਵਾ ਅਤੇ ਆਮਦਨ ਵਗੈਰਾ ਵੱਧਣੀ ਹੈ ਉਹ ਤਾਂ ਇਨ੍ਹਾਂ ਨੇ ਹੀ ਲੈਣੀ ਹੈ। ਬਰਾਦਰੀ ਦੇ ਲੋਕਾਂ ਨੂੰ ਆਮਦਨੀ ਦਾ ਹਿਸਾਬ ਲੈਣ ਦੀ ਕੋਈ ਜ਼ਰੂਰਤ ਨਹੀਂ ਸਿਰਫ਼ ਮੰਨ ਵਿਚਲੀ ਵੱਡੀ ਸ਼ਰਧਾ ਅਨੁਸਾਰ ਵੱਡੀ ਯਾਦਗਾਰ ਬਣ ਜਾਵੇ। ਸਾਰਾ ਪ੍ਰਬੰਧ ਇਹ ਆਪ ਹੀ ਚਲਾਉਣ। ਬਾਵਾ ਵਰਿੰਦਰ ਸਿੰਘ ਦੇ ਨਾਂਹ ਕਰਨ 'ਤੇ ਬਰਾਦਰੀ ਦੇ ਮੋਹਤਬਰ ਅਤੇ ਆਮ ਸੰਗਤ ਬੜੀ ਨਿਰਾਸ਼ ਹੋ ਗਈ। ਡੇਰੇ ਵਿਚ ਲੋਕਾਂ ਦਾ ਆਉਣ ਜਾਣ ਘੱਟ ਗਿਆ। ਲੰਗਰ ਦੀ ਪ੍ਰਥਾ ਬੰਦ ਹੋ ਗਈ। ਇੰਜ ਲੱਗਦਾ ਸੀ ਕਿ ਸੰਤ ਪ੍ਰੇਮ ਸਿੰਘ ਜੀ ਦੇ ਸ਼ਰਧਾਲੂਆਂ ਨੇ ਸੰਤ ਪ੍ਰੇਮ ਸਿੰਘ ਜੀ ਨੂੰ ਆਪਣੇ ਮਨ੍ਹਾਂ ਵਿਚ ਵਸਾ ਕੇ ਆਪਣੀ ਘਰ ਦੀ ਚਾਰ ਦੀਵਾਰੀ ਵਿਚ ਹੀ ਉਨ੍ਹਾਂ ਪ੍ਰਤੀ ਸ਼ਰਧਾ ਅਤੇ ਪਿਆਰ ਨੂੰ ਸੀਮਤ ਕਰ ਲਿਆ ਸੀ। ਡੇਰਾ ਸਿਰਫ਼ ਬਾਵਿਆਂ ਦਾ ਘਰ 'ਕੋਠੀ' ਹੀ ਰਹਿ ਗਿਆ ਸੀ।

ਮਾਸਟਰ ਬਲਬੀਰ ਸਿੰਘ, ਜੋ ਬਾਅਦ ਵਿਚ ਡੇਰੇ ਦੇ ਮੈਨੇਜਰ ਵੀ ਰਹੇ ਬੜੀ ਤੀਖਣ ਸਿਆਸੀ ਬੁੱਧੀ, ਲੰਬੀ ਦੂਰਦਰਸ਼ੀ ਸੋਚ ਅਤੇ ਵਧੀਆ ਵਿਉਂਤਬੰਦੀ ਵਾਲਾ ਦਿਮਾਗ਼ ਰੱਖਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਬਰਾਦਰੀ ਦੇ ਲੋਕਾਂ ਦੇ ਦਿਲਾਂ ਅੰਦਰ ਸੰਤ ਪ੍ਰੇਮ ਸਿੰਘ ਜੀ ਦਾ ਕੀ ਅਸਥਾਨ ਹੈ। ਬਾਵਾ ਹਰਨਾਮ ਸਿੰਘ ਜੀ ਨੇ ਆਖਰੀ ਚੋਣ 1971 ਵਿਚ ਲੜੀ ਸੀ। ਹਲਕਾ ਭੁਲੱਥ ਦੇ ਸਿਆਸੀ ਅਖਾੜੇ ਵਿਚ ਵੀ ਪਰਿਵਾਰ ਦਾ ਰੋਲ ਹੁਣ ਨਾਂਹ ਦੇ ਬਰਾਬਰ ਹੀ ਰਹਿ ਗਿਆ ਸੀ। ਬਾਵਾ ਵਰਿੰਦਰ ਸਿੰਘ ਵੱਲੋਂ ਬਰਾਦਰੀ ਦੀ ਸੰਤਾ ਦੀ ਵੱਡੀ ਯਾਦਗਾਰ ਬਨਾਉਣ ਦੀ ਮੰਗ ਤੋਂ ਇਨਕਾਰ ਕਰਨ ਤੋਂ ਬਾਅਦ ਕੁਝ ਮੋਹਤਬਰ ਸੱਜਣਾਂ ਦੀ ਸਲਾਹ ਹੁਣ ਬਾਵਾ ਚਰਨਜੀਤ ਸਿੰਘ ਦੀ ਵਿਧਵਾ ਬੀਬੀ ਜਗੀਰ ਕੌਰ ਨੂੰ ਯਾਦਗਾਰ ਲਈ ਜ਼ਮੀਨ ਦੇਣ ਬਾਰੇ ਪੁੱਛਣ ਦੀ ਬਣ ਰਹੀ ਸੀ ਕਿਉਂ ਜੋ ਉਸ ਪਾਸ ਵੀ ਸੰਤ ਪ੍ਰੇਮ ਸਿੰਘ ਜੀ ਦੀ ਵਿਰਸੇ ਵਿਚ ਮਿਲੀ ਜਾਇਦਾਦ ਦਾ ਬਰਾਬਰ ਹਿਸਾ ਸੀ। ਮਾਸਟਰ ਬਲਬੀਰ ਸਿੰਘ ਦੀ ਸ਼ਾਦੀ ਬੀਬੀ ਜਗੀਰ ਕੌਰ ਦੀ ਛੋਟੀ ਭੈਣ ਨਾਲ ਹੋ ਚੁੱਕੀ ਸੀ। ਇਲਾਕੇ ਦੀਆਂ ਸੰਗਤਾਂ ਅਤੇ ਮੋਹਤਬਰ ਸੱਜਣਾਂ ਨੇ ਜਦ ਇਹ ਮੰਗ ਬੀਬੀ ਜਗੀਰ ਕੌਰ ਅੱਗੇ ਰੱਖੀ ਤਾਂ ਉਨ੍ਹਾਂ ਇਸ ਨੂੰ ਸੰਤ ਪ੍ਰੇਮ ਸਿੰਘ ਦੀਆਂ ਸੰਗਤਾਂ ਦਾ ਹੁਕਮ ਮੰਨ ਕੇ ਬਿਨਾਂ ਕਿਸੇ ਦੇਰੀ ਦੇ ਆਪਣੇ ਹਿੱਸੇ ਵਿਚੋਂ ਦੋ ਏਕੜ ਜ਼ਮੀਨ ਸੰਤ ਪ੍ਰੇਮ ਸਿੰਘ ਜੀ ਦੀ ਸੁੰਦਰ ਆਲੀਸ਼ਾਨ ਯਾਦਗਾਰ ਬਨਾਉਣ ਲਈ ਦਾਨ ਦੇਣ ਦਾ

ਫੈਸਲਾ ਕਰ ਲਿਆ। ਇਸ ਪ੍ਰਵਾਨਗੀ ਵਿਚ ਮਾਸਟਰ ਬਲਬੀਰ ਸਿੰਘ ਦਾ ਬੜਾ ਵੱਡਾ ਰੋਲ ਸੀ।

ਦਾਸ ਲੇਖਕ ਉਹਨੀਂ ਦਿਨੀ ਬੇਰੁਜ਼ਗਾਰ ਸੀ ਤੇ ਆਪਣੇ ਪਰਿਵਾਰ ਲਈ ਰੋਟੀ ਦਾ ਜੁਗਾੜ ਕਰਨ ਲਈ ਆਪਣੇ ਪਿੰਡ ਬੇਗੋਵਾਲ ਵਿਚ ਹੀ ਇਕ ਛੋਟਾ ਜਿਹਾ ਸਕੂਲ ਚਲਾਉਂਦਾ ਸੀ। ਸਕੂਲ ਅਤੇ ਕਾਲਜ ਦੀ ਮੁੱਢਲੀ ਪੜ੍ਹਾਈ ਦੇ ਦਿਨਾਂ ਤੋਂ ਮਾਸਟਰ ਬਲਬੀਰ ਸਿੰਘ ਦੀ ਚੰਗੀ ਵਾਕਫ਼ੀਅਤ ਸੀ, ਜੋ ਬਾਅਦ ਵਿਚ ਭਰਾਵਾਂ ਵਰਗੇ ਪਿਆਰ ਵਿਚ ਤਬਦੀਲ ਹੋਈ।



ਇਲਾਕੇ ਦੇ ਮੋਹਤਬਰ ਸੱਜਣਾਂ ਦੇ ਨਾਲ ਦਾਸ ਵੀ ਰਜਿਸਟਰੀ ਵੇਲੇ ਹਾਜ਼ਰ ਸੀ। ਗੁਰਦੁਆਰਾ ਲੋਹ ਲੰਗਰ ਸੰਤ ਪ੍ਰੇਮ ਸਿੰਘ ਜੀ ਦੇ ਨਾਮ ਤੇ ਰਜਿਸਟਰੀ ਹੋ ਗਈ ਅਤੇ ਰਜਿਸਟਰੀ ਦੀ ਇਬਾਰਤ ਵਿਚ ਹੀ ਬੀਬੀ ਜਗੀਰ ਕੌਰ ਨੂੰ ਗੁਰਦੁਆਰੇ ਦੀ ਤਾਅ-ਜ਼ਿੰਦਗੀ ਪ੍ਰਧਾਨ ਲਿਖ ਦਿੱਤਾ ਗਿਆ। ਪੁਰਾਣੀ ਇਮਾਰਤ ਦੇ ਖਸਰਾ ਨੰਬਰਾਂ ਸਮੇਤ ਦੋ ਏਕੜ ਜ਼ਮੀਨ ਸੰਤ ਪ੍ਰੇਮ ਸਿੰਘ ਜੀ ਦੀ ਯਾਦਗਾਰ ਬਨਾਉਣ ਲਈ ਸੰਗਤਾਂ ਨੂੰ ਮਿਲ ਗਈ।

ਬੀਬੀ ਜੀ ਨੇ ਸਰਕਾਰੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਸੰਤਾਂ ਦੀ ਯਾਦਗਾਰ ਦੀ ਆਲੀਸ਼ਾਨ ਇਮਾਰਤ ਬਨਾਉਣ ਦੇ ਕਾਰਜ ਨੂੰ ਸੰਪੂਰਨ ਕਰਨ ਲਈ ਸਾਰਾ ਸਮਾਂ ਲਗਾਉਣ ਦਾ ਤਹੱਈਆ ਕਰ ਲਿਆ। ਸੇਵਾ ਹਰ ਇਕ ਮਨੁੱਖ ਨੂੰ ਨਹੀਂ ਮਿਲਦੀ। ਜਿਸ ਦੇ ਮੱਥੇ ਤੇ ਚੰਗੇ ਭਾਗਾਂ ਦੀਆਂ ਲਕੀਰਾਂ ਹੋਣ ਸੇਵਾ ਉਸ ਨੂੰ ਹੀ ਮਿਲਦੀ ਹੈ। ਬਾਵਾ ਹਰਨਾਮ ਸਿੰਘ ਜੀ ਜਾਂ ਬਾਵਾ ਵਰਿੰਦਰ ਸਿੰਘ ਨੂੰ ਸੰਤਾਂ ਦੀ ਯਾਦਗਾਰ ਬਨਾਉਣ ਦੀ ਸੇਵਾ ਜਾਂ ਜੱਸ ਨਹੀਂ ਸੀ ਮਿਲਣਾ। ਉਹ ਇਹ ਕਾਰਜ ਨਾ ਕਰ ਸਕੇ। ਬੀਬੀ ਜਗੀਰ ਕੌਰ ਜੀ ਨੇ ਆਪਣੇ ਮੁੱਢਲੇ ਸਾਥੀਆਂ ਦੀ ਟੀਮ ਨਾਲ ਇਸ ਕਾਰਜ ਨੂੰ ਬੜੇ ਜ਼ੋਰ ਅਤੇ ਜੋਸ਼ ਨਾਲ ਸ਼ੁਰੂ ਕੀਤਾ।

ਬੀਬੀ ਜੀ ਦੀ ਮੁੱਢਲੀ ਟੀਮ ਵਿਚ ਪ੍ਰਧਾਨ ਜਗੀਰ ਸਿੰਘ ਬੇਗੋਵਾਲ, ਸ. ਦਲੀਪ ਸਿੰਘ ਟਿੱਬਾ, ਗਿਆਨੀ ਸੰਗਤ ਸਿੰਘ ਟਿੱਬਾ, ਸ. ਤਾਰਾ ਸਿੰਘ ਮਹੰਤ, ਸ. ਆਸਾ ਸਿੰਘ ਮਹੰਤ, ਜਥੇਦਾਰ ਅਰਜਨ ਸਿੰਘ, ਡਰਾਈਵਰ ਹਰਨਾਮ ਸਿੰਘ, ਡਰਾਈਵਰ ਨਿਰੰਜਨ ਸਿੰਘ, ਜਥੇਦਾਰ ਗਿਆਨ ਸਿੰਘ ਅਕਬਰਪੁਰ, ਬਾਪੂ ਸ਼ਿੰਗਾਰਾ ਸਿੰਘ ਬੇਗੋਵਾਲ, ਬਾਬਾ ਬਲਵੰਤ ਸਿੰਘ, ਜਗਜੀਤ ਸਿੰਘ ਡਾਲਾ, ਗਿਆਨੀ ਕਰਤਾਰ ਸਿੰਘ ਭਦਾਸ, ਸ. ਉਜਾਗਰ ਸਿੰਘ ਕਮਲਾ ਸਾਰਾ ਪਰਿਵਾਰ, ਮੁਖਤਿਆਰ ਸਿੰਘ ਮੁਰੱਬੀਆ ਦਾ ਸਾਰਾ ਪਰਿਵਾਰ, ਹੋਰ ਕਈ ਸੱਜਣਾਂ ਤੋਂ ਇਲਾਵਾ ਦਾਸ ਸੁਰਿੰਦਰ ਸਿੰਘ ਰੁਬੀ ਵੀ ਸ਼ਾਮਲ ਸੀ। ਬੜੀਆਂ ਮੁਸ਼ਕਲਾਂ ਤਕਲੀਫ਼ਾਂ ਆਈਆਂ। ਪਰ ਬੀਬੀ ਜਗੀਰ ਕੌਰ ਦੀ ਠੋਸ, ਸੁਘੜ ਅਤੇ ਦ੍ਰਿੜ੍ਹਤਾ ਭਰੀ ਅਗਵਾਈ ਉਤੇ ਸੰਤ ਪ੍ਰੇਮ ਸਿੰਘ ਜੀ ਨੇ ਅਤੇ ਗੁਰੂ ਮਹਾਰਾਜ ਨੇ ਖੁਦ ਆਪਣੀ ਕ੍ਰਿਪਾਲਤਾ ਭਰੀ ਨਜ਼ਰ ਰੱਖੀ। ਪਿੰਡ ਪਿੰਡ ਉਗਰਾਹੀਆਂ ਕੀਤੀਆਂ ਗਈਆਂ। ਖਰਚਾ ਬਹੁਤ ਵੱਡਾ ਸੀ। ਬੀਬੀ ਜੀ ਨੇ ਅਮਰੀਕਾ ਅਤੇ ਹੋਰ ਦੇਸ਼ਾਂ ਵਿਚੋਂ ਉਗਰਾਹੀ ਇਕੱਠੀ ਕਰਕੇ ਲਿਆਂਦੀ। ਸੁੰਦਰ ਯਾਦਗਾਰ ਦੀ ਇਮਾਰਤ ਜਦ ਦਿਸਣ ਲੱਗ ਪਈ ਤਾਂ ਜੋ ਥੋੜ੍ਹੀ ਬਹੁਤ ਵਿਰੋਧਤਾ ਸੀ ਉਹ ਵੀ ਖਤਮ ਹੋ ਗਈ। ਅੱਜ ਸੰਤ ਪ੍ਰੇਮ ਸਿੰਘ ਜੀ ਦੀ ਸੁੰਦਰ ਯਾਦਗਾਰ ਦੀ ਇਮਾਰਤ ਬਣੀ ਹੈ ਉਸ ਤੋਂ ਇਲਾਵਾ ਦੀਵਾਨ ਅਸਥਾਨ ਦੀ ਇਮਾਰਤ ਅਤੇ ਐਨ.ਆਰ.ਆਈ. ਅਤੇ ਹੋਰ ਸੱਜਣਾਂ ਦੇ ਸਹਿਯੋਗ ਨਾਲ ਲੰਗਰ ਹਾਲ ਦੀ ਵਧੀਆ ਇਮਾਰਤ ਬਣੀ ਹੈ ਇਹ ਸਭ ਕੁਝ ਬੀਬੀ ਜਗੀਰ ਕੌਰ ਜੀ ਦੀ ਸੁਘੜ ਅਤੇ ਸੁਯੋਗ ਅਗਵਾਈ ਦਾ ਹੀ ਨਤੀਜਾ ਹੈ। ਜੋ ਇਕ ਸਮੇਂ ਸੰਗਤਾਂ ਨੇ ਸੰਤ ਪ੍ਰੇਮ ਸਿੰਘ ਜੀ ਨੂੰ ਆਪਣੇ ਹਿਰਦੇ ਅਤੇ ਘਰਾਂ ਵਿਚ ਹੀ ਸੀਮਤ ਕਰ ਲਿਆ ਸੀ। ਅੱਜ ਬੀਬੀ ਜਗੀਰ ਕੌਰ ਨੇ ਸੰਗਤਾਂ ਨੂੰ ਡੇਰਾ ਸੰਤ ਪ੍ਰੇਮ ਸਿੰਘ ਨਾਲ ਦੁਬਾਰਾ ਜੋੜ ਲਿਆ ਹੈ।

ਡੇਰੇ ਦੀ ਪਰੰਪਰਾ ਅਨੁਸਾਰ ਹੀ ਬੀਬੀ ਜਗੀਰ ਕੌਰ ਨੇ ਇਲਾਕੇ ਦੀਆਂ ਸੰਗਤਾਂ ਨੂੰ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਅਗਵਾਈ ਦੇਣ ਦਾ ਅਹਿਮ ਕਾਰਜ ਸੰਭਾਲ ਲਿਆ। ਆਪ 1997, 2002 ਅਤੇ 2012 ਵਿਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹਿ ਚੁੱਕੇ ਹਨ। ਆਪ ਜੀ ਪੰਜਾਬ ਸਰਕਾਰ ਦੇ ਕੈਬਨਿਟ ਵਜ਼ੀਰ ਵੀ ਰਹਿ ਚੁੱਕੇ ਹਨ। ਲਗਾਤਾਰ ਪੰਜ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਮੈਂਬਰ ਅਤੇ ਤਿੰਨ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਹਨ। ਸ਼੍ਰੋਮਣੀ ਕਮੇਟੀ ਦੀ ਪਹਿਲੀ ਇਸਤਰੀ ਪ੍ਰਧਾਨ ਬਨਣ ਦਾ ਮਾਣ ਵੀ ਆਪ ਨੂੰ ਪ੍ਰਾਪਤ ਹੈ। ਆਪ ਜੀ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ, ਦਲ ਦੀ ਕੋਰ ਕਮੇਟੀ ਦੇ ਮੈਂਬਰ ਅਤੇ ਇਸਤਰੀ ਵਿੰਗ ਦੇ ਪ੍ਰਧਾਨ ਵੀ ਹਨ।

ਸੰਗਤ ਨੇ ਮੁਰਾਲਾ ਡੇਰਾ ਨਹੀਂ ਵੇਖਿਆ ਪ੍ਰੰਤੂ ਅੱਜ ਸੰਗਤਾਂ ਨੂੰ ਡੇਰਾ ਸੰਤ ਪ੍ਰੇਮ ਸਿੰਘ ਵਿਚ ਸੰਤ ਮਹਾਰਾਜ ਦੀ ਹਾਜ਼ਰੀ ਮਹਿਸੂਸ ਹੁੰਦੀ ਹੈ। ਡੇਰਾ ਬੇਗੋਵਾਲ ਮੁਰਾਲਾ ਡੇਰਾ ਹੀ ਜਾਪਦਾ ਹੈ। ਮੁਰਾਲੇ ਵਾਂਗ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਹਰ ਤਰ੍ਹਾਂ ਦੀ ਅਗਵਾਈ ਮਿਲਦੀ ਹੈ।

# ਧੰਨ ਧੰਨ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ

# ਇਕ ਝਲਕ



ਪੂਰਨ ਸੰਤ, ਪੂਰਨ ਬ੍ਰਹਮਗਿਆਨੀ, ਸੇਵਾ ਦੇ ਪੁੰਜ, ਮਹਾਨ ਤਪੱਸਵੀ, ਵਿਦਿਆ ਦਾਨੀ, ਸਮਾਜ ਸੁਧਾਰਕ, ਗੁਰਮਤਿ ਅਤੇ ਅੰਮ੍ਰਿਤ ਪ੍ਰਚਾਰਕ, ਰੱਬੀ ਰੰਗ ਵਿਚ ਰੰਗੀ ਪਰਉਪਕਾਰੀ ਸ਼ਖ਼ਸੀਅਤ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦਾ ਜਨਮ ਅਕਤੂਬਰ 1882 ਈ. ਕੱਤਕ ਦੀ ਸੰਗਰਾਂਦ ਵਾਲੇ ਦਿਨ ਹੋਇਆ। ਉਸ ਸਮੇਂ ਉਨ੍ਹਾਂ ਦੇ ਮਾਤਾ-ਪਿਤਾ ਖੋੜ੍ਹੀ ਦੂਨਾ ਸਿੰਘ ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿਚ ਰਹਿੰਦੇ ਸਨ। ਉਨ੍ਹਾਂ ਦੇ ਪਿਤਾ ਸ. ਵਸਾਵਾ ਸਿੰਘ ਅਤੇ ਦਾਦਾ ਸ. ਅਰੂੜ ਸਿੰਘ ਭਾਈ ਲੱਖੀ ਸ਼ਾਹ ਵਣਜਾਰਾ ਦੇ ਭਰਾ ਧਰਮ ਦਾਸ ਦੀ ਔਲਾਦ ਸਨ। ਭਾਈ ਲੱਖੀ ਸ਼ਾਹ ਵਣਜਾਰਾ ਗੁਰੂ ਘਰ ਦੇ ਬਹੁਤ ਸ਼ਰਧਾਲੂ ਸਨ, ਜਿਨ੍ਹਾਂ ਨੇ ਆਪਣੇ ਘਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸੰਸਕਾਰ ਕੀਤਾ ਸੀ।

ਸੰਤ ਪ੍ਰੇਮ ਸਿੰਘ ਜੀ ਅਜੇ ਗਿਆਰਾਂ ਸਾਲਾਂ ਦੇ ਹੀ ਸਨ ਕਿ ਆਪ ਜੀ ਦੀ ਮਾਤਾ ਨਿਹਾਲ ਕੌਰ ਅਕਾਲ ਚਲਾਣਾ ਕਰ ਗਏ। ਸੰਤ ਪ੍ਰੇਮ ਸਿੰਘ ਜੀ ਦੀ ਪਾਲਣਾ ਦਾਦਾ ਅਰੂੜ ਸਿੰਘ ਦੀ ਰੇਖ-ਰੇਖ ਹੇਠ ਹੋਈ। ਕੁਝ ਸਮੇਂ ਪਿਛੋਂ ਸ. ਅਰੂੜ ਸਿੰਘ ਵੀ ਚੱਲ ਵਸੇ। ਦਾਦਾ ਜੀ ਦੇ ਅਕਾਲ ਚਲਾਣੇ ਤੋਂ ਪਿਛੋਂ ਸੰਤ ਪ੍ਰੇਮ ਸਿੰਘ ਛੋਟੀ ਉਮਰ ਵਿਚ ਹੀ ਸੰਤ ਬਿਸ਼ਨ ਸਿੰਘ ਦੇ ਡੇਰੇ ਮੁਰਾਲਾ ਵਿਖੇ ਚਲੇ ਗਏ ਅਤੇ ਲੰਗਰ ਦੀ ਸੇਵਾ ਵਿਚ ਲਗ ਗਏ। ਉਨ੍ਹਾਂ ਦੇ ਜੀਵਨ ਦੀ ਇਹ ਅਨੋਖੀ ਤੇ ਸਾਰਥਕ ਘਟਨਾ ਸੀ। ਪਿੰਡ ਮੁਰਾਲਾ ਵਿਖੇ ਗੁਰੂ ਕੇ ਲੰਗਰ ਵਿਚ ਸੇਵਾ ਕਰਦਿਆਂ ਬਾਬਾ ਜੀ ਮਨੁੱਖਤਾ ਦੀ ਸੇਵਾ ਵਿਚ ਐਸੇ ਜੁੜੇ ਕਿ ਮੁੜ ਸੇਵਾ ਦਾ ਹੀ ਰੂਪ ਹੋ ਗਏ। ਇਥੇ ਰਹਿੰਦਿਆਂ (ਬਾਬਾ) ਪ੍ਰੇਮ ਸਿੰਘ ਨੂੰ ਸੰਤ ਉੱਤਮ ਸਿੰਘ ਦੇ ਡੇਰੇ ਅੰਮ੍ਰਿਤਸਰ ਤੋਂ ਕੀਰਤਨ ਦੀ ਸਿਖਲਾਈ ਲਈ ਭੇਜਿਆ ਗਿਆ। ਬਾਬਾ ਬਿਸ਼ਨ ਸਿੰਘ ਨੇ ਇਕ ਦਿਨ ਚਿੱਠੀ ਲਿਖ ਕੇ ਬਾਬਾ ਪ੍ਰੇਮ ਸਿੰਘ ਜੀ ਨੂੰ ਅੰਮ੍ਰਿਤਸਰ ਤੋਂ ਵਾਪਸ ਬੁਲਾਇਆ। ਮੁਰਾਲੇ ਆ ਕੇ ਬਾਬਾ ਜੀ ਨੇ ਫਿਰ ਲੰਗਰ ਦੀ ਸੇਵਾ ਸੰਭਾਲ ਲਈ। ਇਸ ਅਸਥਾਨ ਤੇ ਸੰਤ ਸੁੰਦਰ ਸਿੰਘ ਭਿੰਡਰਾਂ ਵਾਲੇ ਅਤੇ ਸੰਤ ਭਾਗ ਸਿੰਘ ਠੱਠੇ ਟਿੱਬੇ ਵਾਲੇ ਬਾਬਾ ਪ੍ਰੇਮ ਸਿੰਘ ਦੇ ਗੁਰਭਾਈ ਬਣੇ।


**ਕੈਪਟਨ ਕਾਬਲ ਸਿੰਘ**
**ਸੂਬਾ ਸੀਨੀ. ਮੀਤ ਪ੍ਰਧਾਨ**
**ਸ਼੍ਰੋ.ਅ. ਦਲ (ਬੀ.ਸੀ. ਵਿੰਗ) ਪੰਜਾਬ**
**ਮਕਸੂਦਾਂ (ਜਲੰਧਰ)**
**98141-27870**




### ਸੰਤ ਪ੍ਰੇਮ ਸਿੰਘ ਜੀ ਦੇ ਪੰਜ ਸੁਨਹਿਰੀ ਜੀਵਨ ਆਦਰਸ਼ ਸਨ

(1) **ਸਿਮਰਨ ਅਤੇ ਸੇਵਾ ਦੇ ਪੁੰਜ** - ਸੇਵਾ ਅਤੇ ਸਿਮਰਨ ਸਿੱਖ ਧਰਮ ਦੇ ਦੋ ਵੱਡੇ ਥੰਮ ਹਨ। ਸੰਤ ਪ੍ਰੇਮ ਸਿੰਘ ਜੀ ਨੇ ਪੂਰਾ ਜੀਵਨ ਸੇਵਾ ਕੀਤੀ। ਸਾਧ ਸੰਗਤ ਦੀ ਸੇਵਾ, ਮਨੁੱਖਤਾ ਦੀ ਸੇਵਾ, ਜਾਤ ਜਾਂ ਫ਼ਿਰਕੇ ਦੇ ਵਿਤਕਰੇ ਤੋਂ ਬਿਨਾਂ ਨਿਸ਼ਕਾਮ ਸੇਵਾ ਕੀਤੀ। ਗੁਰੂ ਕੇ ਲੰਗਰ ਦੀ ਸੇਵਾ ਕਰਦਿਆਂ ਅੰਤਰ ਆਤਮਾ ਪ੍ਰਭੂ ਸਿਮਰਨ ਨਾਲ ਜੋੜ ਦਿੱਤੀ। ਬਾਬਾ ਬਿਸ਼ਨ ਸਿੰਘ ਜੀ ਨੇ ਸੰਤ ਪ੍ਰੇਮ ਸਿੰਘ ਜੀ ਨੂੰ ਸੇਵਾ ਦੀ ਵੱਡੀ ਕਸਵੱਟੀ ਤੇ ਪਰਖਿਆ, ਜਿਸ ਵਿਚ ਉਹ ਪੂਰੇ ਉਤਰੇ, ਇਸੇ ਕਾਰਨ ਡੇਰੇ ਦੇ ਸਭ ਤੋਂ ਘੱਟ ਉਮਰ ਵਾਲੇ ਸੇਵਕ ਉਮਰ 23 ਸਾਲ ਸੰਤ ਪ੍ਰੇਮ ਸਿੰਘ ਜੀ ਨੂੰ ਆਪਣੇ ਜੀਵਨ ਕਾਲ ਵਿਚ ਹੀ ਮੁਰਾਲਾ ਡੇਰੇ ਦੀ ਗੁਰਗੱਦੀ ਬਖ਼ਸ਼ਿਸ਼ ਕਰ ਦਿੱਤੀ। ਸੇਵਾ ਦੇ ਨਾਲ-ਨਾਲ ਆਪ ਨਾਮ ਅਭਿਆਸ ਦੀ ਸਾਧਨਾ ਨਾਲ ਵੀ ਜੁੜ ਗਏ।

(2) **ਗੁਰਮਤਿ ਅਤੇ ਅੰਮ੍ਰਿਤ ਪ੍ਰਚਾਰਕ** - (ੳ) **ਸਿੱਖੀ ਦਾ ਪ੍ਰਚਾਰ** - ਮੁਰਾਲਾ ਡੇਰੇ ਦੀ ਸੇਵਾ ਸੰਭਾਲ ਦੇ ਨਾਲ-ਨਾਲ ਸੰਤ ਪ੍ਰੇਮ ਸਿੰਘ ਜੀ ਨੇ ਸਿੱਖੀ ਦੇ ਪ੍ਰਚਾਰ ਵਾਸਤੇ ਗੁਰਬਾਣੀ ਦੀ ਮਹੱਤਤਾ ਵੱਲ ਵਿਸ਼ੇਸ਼ ਧਿਆਨ ਦਿੱਤਾ। ਪ੍ਰਚਾਰ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਸਿੱਖੀ ਦਾ ਮੂਲ ਅਧਾਰ ਹੈ, ਗੁਰੂ ਦੀ ਬਾਣੀ ਹੀ ਸਿੱਖ ਦਾ ਗੁਰੂ ਹੈ, ਗੁਰੂ, ਬਾਣੀ ਵਿਚ ਮੌਜੂਦ ਹੈ। ਗੁਰਬਾਣੀ ਦੀ ਕਥਾ ਵੱਲ ਵਿਸ਼ੇਸ਼ ਧਿਆਨ ਦਿੱਤਾ। ਚੰਗੇ ਚੰਗੇ ਵਿਦਵਾਨ ਕਥਾ ਵਾਸਤੇ ਤਿਆਰ ਕੀਤੇ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਚੰਗੀ ਤਰ੍ਹਾਂ ਘੋਖ ਅਤੇ ਅਧਿਐਨ ਕੀਤਾ ਜਿਨ੍ਹਾਂ ਵਿਚੋਂ ਸਿੰਘ ਸਾਹਿਬ ਗਿਆਨੀ ਚੇਤ ਸਿੰਘ ਨੂੰ 1919 ਈ. ਵਿਚ ਗੁਰਬਾਣੀ ਪ੍ਰਚਾਰ ਤੇ ਪ੍ਰਸਾਰ ਲਈ ਅਤੇ ਬਾਣੀ ਦੇ ਅਭਿਆਸ ਲਈ ਅੰਮ੍ਰਿਤਸਰ ਭੇਜਿਆ। ਦੋ ਸਾਲਾਂ ਦੀ ਸਿਖਲਾਈ ਪਿੱਛੋਂ ਆਪ ਮੁਰਾਲੇ ਆ ਗਏ। 1922 ਈ. ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀਵਾਰ ਕਥਾ ਆਰੰਭ ਕੀਤੀ ਜਿਸ ਨੂੰ ਦੋ ਸਾਲਾਂ ਵਿਚ ਸੰਪੂਰਨ ਕੀਤਾ। ਬਾਬਾ ਜੀ ਆਪ ਵੀ ਗੁਰਬਾਣੀ ਦੀ ਕਥਾ ਵਿਚ ਮੁਹਾਰਤ ਰੱਖਦੇ ਸਨ।

(ਅ) **ਅੰਮ੍ਰਿਤ ਪ੍ਰਚਾਰ** - ਸੰਤ ਪ੍ਰੇਮ ਸਿੰਘ ਜੀ ਨੇ ਪ੍ਰਚਾਰਕ ਦੌਰਿਆਂ ਸਮੇਂ ਹਜ਼ਾਰਾਂ ਪ੍ਰਾਣੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ, ਗੁਰੂ ਦੇ ਲੜ ਲਾਇਆ। ਉਨ੍ਹਾਂ ਨੇ 1911-12 ਤੋਂ ਅੰਮ੍ਰਿਤ ਸੰਚਾਰ ਕਰਨਾ ਸ਼ੁਰੂ ਕਰ ਦਿੱਤਾ। ਆਪਣੇ ਨਿੱਜੀ ਪਿੰਡ ਖੋੜ੍ਹੀ ਦੂਨਾ ਸਿੰਘ ਅਤੇ ਆਲੇ-ਦੁਆਲੇ ਦੇ ਪਿੰਡਾਂ ਕੁਆਂਖ, ਭਖੜੇ ਵਾਲੀ, ਬਜੁਰਗਵਾਲ ਆਦਿ ਪਿੰਡਾਂ ਵਿਚ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ।

ਵੱਡੇ ਪੱਧਰ ਤੇ ਅੰਮ੍ਰਿਤ ਸੰਚਾਰ ਦਾ ਕੰਮ ਪਿੰਡ ਵਾੜੋਂ ਜ਼ਿਲ੍ਹਾ ਗੁਜਰਾਂਵਾਲਾ ਵਿਖੇ ਕੀਤਾ ਇਸ ਪਿੰਡ ਵਿਚ 8, 9 ਅਤੇ 10 ਜੇਠ (ਮਈ) 1921 ਨੂੰ ਸੰਤ ਪ੍ਰੇਮ ਸਿੰਘ ਜੀ ਦੀ ਪ੍ਰੇਰਨਾ ਸਦਕਾ 10000 ਪ੍ਰਾਣੀਆਂ ਨੇ ਅੰਮ੍ਰਿਤ ਛਕਿਆ ਜਿਨ੍ਹਾਂ ਵਿਚ ਮਰਦ ਔਰਤਾਂ ਅਤੇ ਬੱਚੇ ਸ਼ਾਮਿਲ ਸਨ।

**ਵਿੱਦਿਆਦਾਨੀ** - ਸੰਤ ਬਾਬਾ ਪ੍ਰੇਮ ਸਿੰਘ ਜੀ ਵਿਖਿਆਤ ਵਿਦਿਆ ਵੇਤਾ ਸਨ। ਸੰਤ ਜੀ ਨੇ ਮਨੁੱਖਤਾ ਦਾ ਜੀਵਨ ਪੱਧਰ ਉੱਚਾ ਚੁੱਕਣ ਵਾਸਤੇ,

ਅਨਪੜ੍ਹਤਾ ਦੀ ਬੀਮਾਰੀ ਦੂਰ ਕਰਨ ਵਾਸਤੇ, ਅਗਿਆਨਤਾ ਦਾ ਹਨ੍ਹੇਰਾ ਦੂਰ ਕਰਨ ਵਾਸਤੇ ਅਤੇ ਗਿਆਨ ਦਾ ਚਾਨਣ (ਪ੍ਰਕਾਸ਼) ਵੰਡਣ ਵਾਸਤੇ 'ਫੈਲੇ ਵਿਦਿਆ ਚਾਨਣੁ ਹੋਇ' ਦੇ ਸਿਧਾਂਤ ਨੂੰ ਅਪਨਾਇਆ। ਬਾਬਾ ਜੀ ਨੇ ਵਿੱਦਿਆ ਦੇ ਖੇਤਰ ਵਿਚ ਭਰਪੂਰ ਯੋਗਦਾਨ ਪਾਇਆ। ਬਹੁਤ ਸਾਰੇ ਸਕੂਲ ਖੋਲ੍ਹੇ ਜਿਨ੍ਹਾਂ ਵਿਚ (**ੳ**) 1921 ਈ. ਵਿਚ ਗੁਰੂ ਗੋਬਿੰਦ ਸਿੰਘ ਖਾਲਸਾ ਲੁਬਾਣਾ ਹਾਈ ਸਕੂਲ ਟਾਂਡਾ, ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਹੁਣ ਮਿਆਣੀ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੈ।(**ਅ**) 1944 ਈ. ਵਿਚ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਬਾਬਕਵਾਲ ਜ਼ਿਲ੍ਹਾ ਸ਼ੇਖੂਪੁਰ (ਪਾਕਿਸਤਾਨ) ਹੁਣ ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੈ।(**ੲ**) 1945 ਈ. ਵਿਚ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਖੋੜੀ ਦੁਨਾ ਸਿੰਘ ਪਾਕਿਸਤਾਨ ਹੁਣ ਬੇਗੋਵਾਲ ਜ਼ਿਲ੍ਹਾ ਕਪੂਰਥਲਾ ਵਿਚ ਹੈ।(**ਸ**) 1946 ਈ. ਵਿਚ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਭਟਨੂਰਾ ਜਲੰਧਰ ਇਹ ਸਕੂਲ 15 ਨਵੰਬਰ 1979 ਨੂੰ ਸਰਕਾਰੀ ਹਾਈ ਸਕੂਲ ਚੱਲ ਰਿਹਾ ਹੈ। (**ਹ**) 1947 ਵਿਚ ਹੀ ਗੁਰੂ ਨਾਨਕ ਖਾਲਸਾ ਹਾਈ ਸਕੂਲ ਸਰਗੋਧਾ ਵਿਚ ਵੀ ਚਲਾਇਆ ਸੀ, ਇਹ ਸਕੂਲ ਦੇਸ਼ ਦੀ ਵੰਡ ਤੋਂ ਬਾਅਦ ਨਹੀਂ ਖੁਲ੍ਹਿਆ। (**ਕ**) ਅਨੇਕਾਂ ਮਿਡਲ ਅਤੇ ਪ੍ਰਾਇਮਰੀ ਸਕੂਲਾਂ ਦੀ ਸਥਾਪਨਾ ਵੀ ਆਪ ਨੇ ਕੀਤੀ।



ਹਜ਼ਾਰਾਂ ਵਿਦਿਆਰਥੀ ਬਾਬਾ ਜੀ ਦੀ ਜਗਾਈ ਜੋਤ ਤੋਂ ਚਾਨਣ ਪ੍ਰਾਪਤ ਕਰਕੇ ਜੀਵਨ ਦੇ ਵੱਖ-ਵੱਖ ਅਹੁਦਿਆਂ ਤੇ ਬਿਰਾਜਮਾਨ ਹਨ, ਜਿਨ੍ਹਾਂ ਦੇਸ਼ ਤੇ ਕੌਮ ਦੀ ਸੇਵੀ ਕੀਤੀ ਅਤੇ ਕਰ ਰਹੇ ਹਨ।

(4) **ਸਮਾਜ ਸੁਧਾਰ (ਵਿਹਾਰ ਸੁਧਾਰ ਲਹਿਰ)** - ਬਾਬਾ ਪ੍ਰੇਮ ਸਿੰਘ ਜੀ ਨੇ ਸਮਾਜਕ ਬੁਰਾਈਆਂ ਦੂਰ ਕਰਨ ਵਾਸਤੇ, ਭੈੜੀਆਂ ਤੇ ਕੋਝੀਆਂ ਫਜ਼ੂਲ ਰਸਮਾਂ ਤੋਂ ਬਚਾਉਣ, ਛੂਤ-ਛਾਤ, ਜਾਤ-ਪਾਤ, ਊਚ-ਨੀਚ ਦੇ ਬੰਧਨਾਂ ਤੋਂ ਛੁਟਕਾਰਾ ਪਾਉਣ, ਸ਼ਰਾਬਬੰਦੀ ਤੇ ਹੋਰਨਾਂ ਨਸ਼ਿਆਂ ਦਾ ਤਿਆਗ ਕਰਾਉਣ ਲਈ ਕਈ ਕਾਨਫਰੰਸਾਂ ਕੀਤੀਆਂ।

1918 ਈ. ਵਿਚ ਬਜ਼ੁਰਗਵਾਲ ਜ਼ਿਲ੍ਹਾ ਗੁਜਰਾਤ (ਪਾਕਿਸਤਾਨ), 1922 ਈ. ਵਿਚ ਛਾਮਕੇ ਜ਼ਿਲ੍ਹਾ ਸ਼ੇਖੂਪੁਰ (ਪਾਕਿਸਤਾਨ), 1924 ਈ. ਵਿਚ ਮਿਰਜਾਪੁਰ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ), 1925 ਈ. ਵਿਚ ਖੋਖਰਵਾਲੀ ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ), 1926 ਈ. ਵਿਚ ਨੰਗਲ ਸਾਧਾਂ ਸ਼ੇਖੂਪੁਰ (ਪਾਕਿਸਤਾਨ), 1927 ਈ. ਵਿਚ ਚੱਕ 441 ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ), 1928 ਈ. ਵਿਚ ਚੱਕ 37 ਜ਼ਿਲ੍ਹਾ ਲਾਹੌਰ (ਪਾਕਿਸਤਾਨ)। ਇਨ੍ਹਾਂ ਕਾਨਫਰੰਸਾਂ ਵਿਚ ਸਮਾਜਕ ਬੁਰਾਈਆਂ ਦੂਰ ਕਰਨ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ।

ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਗੁਰਮਤਿ ਮਰਯਾਦਾ ਅਨੁਸਾਰ ਚਾਰ ਲਾਵਾਂ ਅਤੇ ਅਰਦਾਸ ਨਾਲ ਅਨੰਦ ਕਾਰਜ ਕਰਨ ਦਾ ਜ਼ੋਰਦਾਰ ਪ੍ਰਚਾਰ ਕੀਤਾ।

ਬਾਬਾ ਜੀ ਅੰਧ ਵਿਸ਼ਵਾਸ, ਵਹਿਮ-ਭਰਮ ਤੇ ਫਾਲਤੂ ਸਮਾਜਿਕ ਰਸਮਾਂ ਦੇ ਸਖ਼ਤ ਵਿਰੋਧੀ ਸਨ। ਇਨ੍ਹਾਂ ਭੈੜੀਆਂ ਰਸਮਾਂ ਤੋਂ ਛੁਟਕਾਰਾ ਦਿਵਾਉਣ ਲਈ ਬਾਬਾ ਜੀ ਜੀਵਨ ਭਰ ਯਤਨਸ਼ੀਲ ਰਹੇ।

(5) **ਮੀਰੀ ਤੇ ਪੀਰੀ ਦਾ ਸੰਕਲਪ** - ਸੰਤ ਬਾਬਾ ਪ੍ਰੇਮ ਸਿੰਘ ਜੀ ਚੀਫ ਖਾਲਸਾ ਦੀਵਾਨ ਦੇ ਮੈਂਬਰ ਰਹੇ। 1926 ਈ. ਤੋਂ ਲਗਾਤਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ। ਕਾਫੀ ਸਮਾਂ ਐਗਜੈਕਟਿਵ ਮੈਂਬਰ ਵੀ ਰਹੇ। 1937 ਈ. ਵਿਚ ਸੰਤ ਬਾਬਾ ਪ੍ਰੇਮ ਸਿੰਘ ਸਰਗੋਧਾ ਜ਼ਿਲ੍ਹਾ ਗੁਜਰਾਤ ਤੋਂ ਐਮ.ਐਲ.ਏ. ਚੁਣੇ ਗਏ। ਆਪਣੇ ਸਿਆਲੀ ਜੀਵਨ ਵਿਚ ਦੂਜੀ ਵਾਰ 1945 ਈ. ਵਿਚ ਫਿਰ ਆਪ ਐਮ.ਐਲ.ਏ. ਚੁਣੇ ਗਏ ਤੇ ਅਕਾਲ ਚਲਾਣੇ ਤੱਕ ਆਪ ਅਸੈਂਬਲੀ ਦੇ ਮੈਂਬਰ ਸਨ। ਪੰਜਾਬ ਅਸੈਂਬਲੀ ਵਿਚ ਉਨ੍ਹਾਂ ਦਾ ਹਰ ਕੋਈ ਸਤਿਕਾਰ ਕਰਦਾ ਸੀ।

ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਅਨੇਕਾਂ ਗੁਰਦੁਆਰੇ ਤੇ ਬੁੰਗੇ ਬਣਵਾਏ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਹਰਿ ਕੀ ਪਉੜੀ ਦੀ ਕਾਰ ਸੇਵਾ ਵਿਚ ਯੋਗਦਾਨ ਪਾ ਕੇ ਗੁਰੂ ਘਰ ਦੀ ਮਹਾਨ ਸੇਵਾ ਕੀਤੀ। ਆਪਣੇ ਉਚੇਚੇ ਯਤਨਾਂ ਨਾਲ ਦੇਸ਼ ਦੀ ਵੰਡ 1947 ਤੋਂ ਪਿਛੋਂ ਲੁਬਾਣਾ ਸਿੱਖਾਂ ਨੂੰ ਬੇਗੋਵਾਲ ਦੇ ਇਲਾਕੇ ਵਿਚ ਵਸਾਇਆ।

ਦੋ ਜੂਨ 1950 ਨੂੰ ਸੰਤ ਬਾਬਾ ਪ੍ਰੇਮ ਸਿੰਘ ਨੂੰ ਜਾਨ ਲੇਵਾ ਦਿਲ ਦਾ ਦੌਰਾ ਪਿਆ ਤੇ ਆਪ ਸੰਗਤਾਂ ਨੂੰ ਸਦਾ ਲਈ ਵਿਛੋੜਾ ਦੇ ਗਏ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਆਪ ਦੇ ਅੰਤਮ ਦਰਸ਼ਨਾਂ ਲਈ ਪੁੱਜੀਆਂ।

ਉਨ੍ਹਾਂ ਦੇ ਮੌਜੂਦਾ ਜਾਨਸ਼ੀਨ ਬੀਬੀ ਜਗੀਰ ਕੌਰ ਐਮ.ਐਲ.ਏ. ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਡੇਰੇ ਦੇ ਮੁੱਖ ਸੇਵਾਦਾਰ ਵਜੋਂ ਜ਼ਿੰਮੇਵਾਰੀ ਨਿਭਾਅ ਰਹੇ ਹਨ ਅਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਮਿਸ਼ਨ ਨੂੰ ਜਾਰੀ ਰੱਖਣ ਲਈ ਸਿਰਤੋੜ ਯਤਨ ਕਰ ਰਹੇ ਹਨ। ਬੀਬੀ ਜੀ ਵਿਚ ਉਹ ਸਾਰੇ ਗੁਣ ਮੌਜੂਦ ਹਨ ਜਿਹੜੇ ਇਕ ਮਿਸ਼ਨਰੀ ਵਿਚ ਹੋਣੇ ਚਾਹੀਦੇ ਹਨ। ਆਪ ਗੁਰਬਾਣੀ ਤੇ ਸਿੱਖ ਇਤਿਹਾਸ ਦੀ ਸਮਝ ਤੇ ਸੋਝੀ ਰੱਖਣ ਵਾਲੇ ਹਨ, ਗੁਰਮਤਿ ਵਿਚਾਰਧਾਰਾ ਦੇ ਧਾਰਨੀ ਹਨ, ਕੀਰਤਨ ਵਿਚ ਨਿਪੁੰਨ ਹਨ, ਇਨ੍ਹਾਂ ਦੇ ਬੋਲਚਾਲ ਵਿਚ ਗੁਰਮਤਿ ਦੀ ਭਾਵਨਾ ਪ੍ਰਗਟ ਹੁੰਦੀ ਹੈ ਅਤੇ ਇਹ ਸਯੋਗ ਪ੍ਰਬੰਧਕ ਹਨ।

ਸੋ ਗੁਰੂ ਪਿਆਰਿਓ ਆਓ ਆਪਾਂ ਵੀ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਸਿੱਖਿਆਵਾਂ ਤੇ ਚੱਲ ਕੇ ਜੀਵਨ ਸਫਲ ਕਰੀਏ।

# ਮਾਤਾ ਮਨਸਾ ਦੇਵੀ ਜੀ

**ਇੰਜੀਨੀਅਰ**
**ਪਰਮਿੰਦਰਜੀਤ ਸਿੰਘ**
**ਕੋ-ਐਡੀਟਰ**
**99153-57524**



ਮਾਤਾ ਮਨਸਾ ਦੇਵੀ ਜੀ, ਗੁਰੂ ਅਮਰਦਾਸ ਜੀ ਦੀ ਸੁਪਤਨੀ ਸਨ, ਬਾਰੇ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਆਪਦਾ ਜਨਮ ਸਿਆਲਕੋਟ ਤੋਂ ਵੀਹ ਮੀਲ ਦੱਖਣ ਵੱਲ ਪਿੰਡ ਸਨਖਤਰਾ ਵਿਚ ਭਾਈ ਦੇਵੀ ਚੰਦ ਬਹਿਲ ਦੇ ਘਰ ਹੋਇਆ ਪਰ ਜਨਮ ਦੀ ਮਿਤੀ ਕਿਸੇ ਵੀ ਇਤਿਹਾਸਕਾਰ ਨੇ ਕਿਤੇ ਭੀ ਵਰਨਣ ਕੀਤੀ ਨਜ਼ਰ ਨਹੀਂ ਆਉਂਦੀ। ਪ੍ਰਿੰਸੀਪਲ ਸਤਬੀਰ ਸਿੰਘ ਜੀ ਨੇ ਭੀ ਆਪਣੀ ਦੂਸਰੀ ਪੁਸਤਕ 'ਪਰਬਤ ਮੇਗਣ' ਵਿਚ ਮਨਸਾ ਦੇਵੀ ਦੀ ਸ਼ਾਦੀ ਅਤੇ ਕੁਝ ਕੁ ਇਤਿਹਾਸ ਮਨਸਾ ਦੇਵੀ ਜੀ ਦੇ ਸੁਭਾਅ ਤੇ ਲਿਖਿਆ ਹੈ। ਇਸੇ ਹੀ ਤਰ੍ਹਾਂ ਡਾਕਟਰ ਤਾਰਨ ਸਿੰਘ ਜੀ ਨੇ ਆਪਣੀ ਪੁਸਤਕ ਗੁਰੂ ਅਮਰਦਾਸ ਜੀਵਨ ਰਚਨਾ ਤੇ ਸਿੱਖਿਆ ਵਿਚ ਗੁਰੂ ਅਮਰਦਾਸ ਜੀ ਦੀ ਸੁਪਤਨੀ ਦਾ ਨਾਮ ਮਨਸਾ ਦੇਵੀ ਲਿਖਿਆ ਹੈ ਅਤੇ ਨਾਲ ਹੀ ਇਹ ਭੀ ਦੱਸਿਆ ਹੈ ਕਿ ਆਪ ਜੀ ਦੀ ਸ਼ਾਦੀ 1502 ਈ. ਨੂੰ ਹੋਈ। ਡਾਕਟਰ ਸਾਹਿਬ ਨੇ ਇਸ ਪੁਸਤਕ ਵਿਚ ਗੁਰੂ ਅਮਰਦਾਸ ਜੀ ਦੇ ਪਰਿਵਾਰ, ਯਾਨੀ ਕਿ ਸੰਤਾਨ ਬਾਰੇ ਭੀ ਲਿਖਿਆ ਹੈ ਕਿ ਜਿਸ ਵਿਚ ਦੋ ਸਪੁੱਤਰ ਤੇ ਦੋ ਸਪੁੱਤਰੀਆਂ ਦਾ ਵਰਨਣ ਆਉਂਦਾ ਹੈ।

ਮਾਤਾ ਮਨਸਾ ਦੇਵੀ ਜੀ ਦੀ ਉਮਰ ਦਾ ਵੇਰਵਾ ਲੈਣ ਲਈ ਇਕ ਤਾਂ ਸਾਡੇ ਕੋਲ ਸੰਨ 1502 ਆਉਂਦੀ ਹੈ, ਜਿਸ ਦਾ ਕਿ ਜ਼ਿਕਰ ਉੱਪਰ ਕੀਤਾ ਗਿਆ ਹੈ ਅਤੇ ਦੂਸਰਾ ਇਸ ਸੰਨ ਨੂੰ ਅਗਰ ਆਧਾਰ ਬਣਾ ਲਿਆ ਜਾਵੇ ਤੇ ਅੱਗੇ ਵੇਰਵਾ ਲੈ ਲਿਆ ਜਾਵੇ ਪੁਸਤਕ ਦਾ, ਜੋ ਕਿ ਬਹੁਤ ਹੀ ਸੁਚੱਜੇ ਢੰਗ ਨਾਲ ਡਾਕਟਰ ਧਰਮਜੀਤ ਸਿੰਘ ਜੀ ਦੁਆਰਾ ਲਿਖੀ ਗਈ ਹੈ (ਵਾਰ ਕਾਰ ਗੁਰੂ ਅਮਰਦਾਸ ਜੀ) ਜਿਸ ਵਿਚ ਆਪ ਜੀ ਨੇ ਵੇਰਵਾ ਦਿੱਤਾ ਹੈ ਕਿ ਗੁਰੂ ਅਮਰਦਾਸ ਜੀ ਦੀ ਉਮਰ 25 ਕੁ ਸਾਲ ਦੀ ਸੀ, ਜਦ ਆਪ ਜੀ ਦਾ ਵਿਆਹ ਹੋਇਆ। ਹੁਣ ਸਿਰਫ਼ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ ਕਿ ਕੁਦਰਤੀ ਉਸ ਟਾਈਮ ਤੇ ਆਦਮੀ ਤੇ ਔਰਤ ਦੀ ਉਮਰ ਵਿਚ ਔਸਤਨ 3 ਤੋਂ 5 ਸਾਲ ਤੱਕ ਦਾ ਤਾਂ ਫਰਕ ਹੋਵੇਗਾ ਹੀ, ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਮਾਤਾ ਮਨਸਾ ਦੇਵੀ ਜੀ ਦੀ ਜਨਮ ਮਿਤੀ 1505 ਈ. ਤੋਂ 1507 ਈ. ਵਿਚਕਾਰ ਹੋ ਸਕਦੀ ਹੈ।

ਇਤਿਹਾਸ ਵਿਚ ਇਹ ਭੀ ਜ਼ਿਕਰ ਆਉਂਦਾ ਹੈ ਕਿ ਸ਼ਾਦੀ ਤੋਂ ਬਾਅਦ 15 ਸਾਲ ਤੱਕ ਆਪ ਜੀ ਦੇ ਕੋਈ ਔਲਾਦ ਨਹੀਂ ਸੀ ਹੋਈ। ਉਸ ਤੋਂ ਬਾਅਦ ਆਪ ਜੀ ਦੇ ਦੋ ਸਪੁੱਤਰ ਮੋਹਣ ਜੀ ਤੇ ਮੋਹਰੀ ਜੀ ਅਤੇ ਦੋ ਸਪੁੱਤਰੀਆਂ ਦਾਨੀ ਜੀ ਤੇ ਭਾਨੀ ਜੀ ਦਾ ਜਨਮ ਹੋਇਆ। ਭਾਵੇਂ ਕਿ ਮਾਤਾ ਮਨਸਾ ਦੇਵੀ ਜੀ ਦਾ ਇਤਿਹਾਸ ਵਿਚ ਜ਼ਿਆਦਾ ਜ਼ਿਕਰ ਨਹੀਂ ਆਉਂਦਾ ਪਰ ਫਿਰ ਭੀ ਉਨ੍ਹਾਂ ਦੀ ਔਲਾਦ ਤੋਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਉਨ੍ਹਾਂ ਦੀ ਸਪੁੱਤਰੀ ਦਾਨੀ ਬਾਰੇ ਜ਼ਿਕਰ ਮਿਲਦਾ ਹੈ ਕਿ ਉਹ ਬਹੁਤ ਸਿਆਣੀ, ਸੂਝਵਾਨ, ਦੂਰਦਰਸ਼ੀ ਗੁਣਾਂ ਨਾਲ ਭਰਪੂਰ ਸੀ। ਬਾਬਾ ਮੋਹਣ ਜੀ ਭੀ ਸਾਰੀ ਉਮਰ ਗੁਰਬਾਣੀ ਪੜ੍ਹਦੇ ਤੇ ਲਿਖਦੇ ਰਹੇ। ਗੁਰੂ ਅਮਰਦਾਸ ਜੀ ਦੇ ਦਰਸਾਏ ਮਾਰਗ ਤੇ ਚੱਲ ਕੇ ਗੁਰਬਾਣੀ ਦੀਆਂ ਸੈਂਚੀਆਂ ਤਿਆਰ ਕਰਦੇ ਰਹਿੰਦੇ ਸਨ। ਇਹੋ ਹੀ ਸੈਂਚੀਆਂ ਗੁਰੂ ਅਰਜਨ ਦੇਵ ਜੀ ਨੇ ਆਦਿ ਬੀੜ ਤਿਆਰ ਕਰਨ ਤੋਂ ਪਹਿਲਾਂ ਗੋਇੰਦਵਾਲ ਜਾ ਕੇ ਪ੍ਰਾਪਤ ਕੀਤੀਆਂ ਸਨ। ਜਦੋਂ ਗੁਰੂ ਅਮਰਦਾਸ ਜੀ ਨੇ ਗੁਰਗੱਦੀ ਗੁਰੂ ਰਾਮਦਾਸ ਜੀ ਨੂੰ ਦਿੱਤੀ ਤਾਂ ਭੀ ਉਨ੍ਹਾਂ ਨੇ ਆਪਣੇ ਪਿਤਾ ਜੀ ਦੇ ਲਏ ਫੈਸਲੇ ਤੇ ਕੋਈ ਭੀ ਕਿੰਤੂ ਪ੍ਰੰਤੂ ਨਹੀਂ ਕੀਤੀ। ਇਸ ਤੋਂ ਭਲੀ ਪ੍ਰਕਾਰ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮਾਤਾ ਨੂੰ ਪਹਿਲੀ ਅਧਿਆਪਕ ਮੰਨਿਆ ਜਾਂਦਾ ਹੈ ਤਾਂ ਮਾਤਾ ਮਨਸਾ ਦੇਵੀ ਜੀ ਨੇ ਕਿੰਨੀ ਸਹਿਨਸ਼ੀਲਤਾ ਤੇ ਨੇਕ ਵਿਚਾਰ ਬੱਚਿਆਂ ਵਿਚ ਭਰੇ ਹੋਣਗੇ। ਅਸੀਂ ਇਹ ਭੀ ਪੱਕੇ ਵਿਸ਼ਵਾਸ ਨਾਲ ਕਹਿ ਸਕਦੇ ਹਾਂ ਕਿ ਮਾਤਾ ਮਨਸਾ ਦੇਵੀ ਜੀ ਆਪ ਭੀ ਇਕ ਨੇਕ ਦਿਲ, ਸਹਿਜ ਅਤੇ ਸੁਚੱਜੇ ਜੀਵਨ ਵਾਲੇ ਹੀ ਹੋਣਗੇ। ਜਿਸ ਤਰ੍ਹਾਂ ਦੀ ਕਿਸੇ ਕੋਲੋਂ ਸ਼ਿਖਸ਼ਾ ਹੋਵੇ ਉਹੀ ਅੱਗੇ ਦਿੱਤੀ ਜਾ ਸਕਦੀ ਹੈ।

ਇਸ ਦਾ ਭੀ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਆਪ ਗੁਰੂ ਅਮਰਦਾਸ ਜੀ ਦੀ ਗੈਰ ਹਾਜ਼ਰੀ (ਪਹਿਲਾਂ ਗੁਰੂ ਅਮਰਦਾਸ ਜੀ ਹਰ ਸਾਲ ਹਰਿਦੁਆਰ ਗੰਗਾ ਇਸ਼ਨਾਨ ਕਰਨ ਜਾਇਆ ਕਰਦੇ ਸਨ) ਵਿਚ ਪਿੰਡ, ਗੁਰੂ ਜੀ ਵੱਲੋਂ ਚਲਾਏ ਕੰਮਾਂ ਦੀ ਦੇਖ-ਰੇਖ ਬਹੁਤ ਹੀ ਸੁਚੱਜੇ ਢੰਗ ਨਾਲ ਕਰਿਆ ਕਰਦੇ ਸਨ। ਜਦੋਂ ਗੁਰੂ ਅਮਰਦਾਸ ਜੀ 72 ਸਾਲਾਂ ਦੀ ਉਮਰ ਵਿਚ ਬਾਸਰਕੇ ਤੋਂ ਖਡੂਰ ਸਾਹਿਬ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਚਲੇ ਗਏ ਤਾਂ ਕਈ ਵਾਰ ਉਹ ਸਾਲ-ਸਾਲ ਭਰ ਉਥੇ ਹੀ ਰਹਿੰਦੇ, ਬਾਸਰਕੇ ਨਹੀਂ ਆਉਂਦੇ। ਪਰ ਸਬਰ ਸੰਤੋਖ ਵਾਲੇ ਮਾਤਾ ਮਨਸਾ ਦੇਵੀ ਜੀ ਨੇ ਕਦੇ ਭੀ ਗਿਲ੍ਹਾ ਨਹੀਂ ਕੀਤਾ ਤੇ ਬਾਸਰਕੇ ਹੀ ਰਹੇ। ਜਦੋਂ ਗੁਰੂ ਅੰਗਦ ਦੇਵ ਜੀ ਦੇ ਆਦੇਸ਼ ਤੇ ਗੁਰੂ ਅਮਰਦਾਸ ਜੀ ਖਡੂਰ ਸਾਹਿਬ ਤੋਂ ਜਾ ਕੇ ਬਿਆਸ ਦੇ ਕੰਢੇ ਤੇ ਨਗਰ ਗੋਇੰਦਵਾਲ ਵਸਾ ਲਿਆ। ਉਸ ਸਮੇਂ ਮਾਤਾ ਮਨਸਾ ਦੇਵੀ ਜੀ ਆਪਣੇ ਪਰਿਵਾਰ ਸਮੇਤ ਬਾਸਰਕੇ ਤੋਂ ਗੋਇੰਦਵਾਲ ਸਾਹਿਬ ਆ ਕੇ ਰਹਿਣ ਲੱਗ ਪਏ। ਜਦੋਂ ਬਾਉਲੀ ਸਾਹਿਬ ਦੀ ਕਾਰ ਸੇਵਾ ਚੱਲ ਰਹੀ ਸੀ ਤਾਂ ਮਾਤਾ ਮਨਸਾ ਦੇਵੀ ਜੀ ਨੇ ਭੀ ਬਹੁਤ ਸੇਵਾ ਕੀਤੀ। ਲੰਗਰ ਦੀ ਨਿਗਰਾਨੀ ਮਾਤਾ ਜੀ ਆਪ ਕਰਿਆ ਕਰਦੇ ਸਨ।

ਮਾਤਾ ਮਨਸਾ ਦੇਵੀ ਜੀ ਨੇ ਇਕ ਦਿਨ ਗੁਰੂ ਅਮਰਦਾਸ ਜੀ ਨੂੰ ਬੇਨਤੀ ਕੀਤੀ ਕਿ ਔਰਤਾਂ ਕਾਰ ਸੇਵਾ ਤੇ ਹੋਰ ਸਮਾਜਕ ਕੰਮਾਂ ਵਿਚ ਮਰਦਾਂ ਦੇ ਬਰਾਬਰ ਹਿੱਸਾ ਲੈਂਦੀਆਂ ਹਨ ਪਰ ਉਨ੍ਹਾਂ ਦੀ ਇਕ ਵੱਡੀ ਸਮੱਸਿਆ ਹੈ ਕਿ ਉਨ੍ਹਾਂ ਨੂੰ ਘੁੰਡ ਕੱਢਣ ਦਾ ਰਿਵਾਜ਼ ਹੈ, ਜਿਸ ਨਾਲ ਕੰਮ ਕਰਨ ਵਿਚ ਭੀ ਦਿੱਕਤ ਆਉਂਦੀ ਹੈ। ਗੁਰੂ ਜੀ ਨੇ ਤੁਰੰਤ ਇਸ ਨੂੰ ਮੰਨਦੇ ਹੋਏ ਆਦੇਸ਼ ਕਰ ਦਿੱਤਾ ਕਿ ਦਰਬਾਰ ਵਿਚ ਕੋਈ ਘੁੰਡ ਕੱਢ ਕੇ ਔਰਤ ਨਹੀਂ ਆਵੇਗੀ। ਇਸ ਤਰ੍ਹਾਂ ਘੁੰਡ ਦੀ ਪ੍ਰਥਾ ਹੌਲੀ-ਹੌਲੀ ਸਮਾਜ ਵਿਚੋਂ ਜਾਂਦੀ ਰਹੀ। ਇਸੇ ਹੀ ਲੜੀ ਤਹਿਤ ਗੁਰੂ ਜੀ ਨੇ ਸਤੀ ਦੀ ਰਸਮ ਦਾ ਖੰਡਨ ਕੀਤਾ ਤੇ ਇਸ ਤੋਂ ਭੀ ਲੋਕਾਈ ਨੂੰ ਵਰਜਿਆ ਤੇ ਦੂਸਰਾ ਵਿਧਵਾ ਵਿਆਹ ਦੀ ਪ੍ਰਥਾ ਭੀ ਮਾਤਾ ਮਨਸਾ ਦੇਵੀ ਦੇ ਉੱਦਮ ਸਦਕਾ ਸ਼ੁਰੂ ਹੋਈ। ਮਾਤਾ ਮਨਸਾ ਦੇਵੀ ਜੀ ਆਪਣੇ ਪੂਰੇ ਪਰਿਵਾਰ ਸਮੇਤ ਗੋਇੰਦਵਾਲ ਸਾਹਿਬ ਹੀ ਰਹੇ। ਮਾਤਾ ਮਨਸਾ ਦੇਵੀ ਖੁਸ਼ਕਿਸਮਤ ਸਨ, ਜਿਨ੍ਹਾਂ ਦਾ ਵਿਆਹ ਗੁਰੂ ਅਮਰਦਾਸ ਜੀ ਨਾਲ ਹੋਇਆ, ਜੋ ਆਪਣੀ ਘਾਲ ਕਮਾਈ ਸਦਕਾ ਤੀਸਰੀ ਨਾਨਕ ਜੋਤ ਬਣੇ। ਉਹ ਇਸ ਪੱਖੋਂ ਵੀ ਬਹੁਤ ਭਾਗਾਂ ਵਾਲੇ ਸਨ ਕਿ ਪ੍ਰਮਾਤਮਾ ਨੇ ਉਨ੍ਹਾਂ ਨੂੰ ਬਹੁਤ ਹੀ ਸੁਹਣਾ ਪਰਿਵਾਰ ਦਿੱਤਾ। ਮਾਤਾ ਮਨਸਾ ਦੇਵੀ ਜੀ ਇਤਨੀ ਖੁਸ਼ਨਸੀਬ ਮਾਤਾ ਸੀ ਜਿਸ ਨੂੰ ਗੁਰਦੇਵ ਪਤੀ, ਗੁਰਦੇਵ ਜਵਾਈ ਤੇ ਗੁਰਦੇਵ ਦੋਹਤਰਾ ਮਿਲਿਆ। ਮਾਤਾ ਮਨਸਾ ਦੇਵੀ ਜੀ ਅਖੀਰ 1569 ਈ. ਨੂੰ ਗੋਇੰਦਵਾਲ ਵਿਚ ਹੀ ਅਕਾਲ ਚਲਾਣਾ ਕਰ ਗਏ। ਇਨ੍ਹਾਂ ਤੋਂ ਪੰਜ ਸਾਲ ਬਾਅਦ 1574 ਈ. ਵਿਚ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾ ਗਏ। ਇਸਤਰੀ ਜਾਤੀ ਦੀਆਂ ਸਮੱਸਿਆਵਾਂ ਤੇ ਸੁਧਾਰ ਲਈ ਜੋ ਕੁਝ ਭੀ ਉਸ ਸਮੇਂ ਵਿਚ ਹੋਇਆ ਉਸ ਵਿਚ ਮਾਤਾ ਮਨਸਾ ਦੇਵੀ ਜੀ ਦਾ ਪੂਰਾ-ਪੂਰਾ ਹੱਥ ਸੀ। ਇਸ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਭੀ ਸਿੱਖ ਲੋਕ ਲਹਿਰ ਦੇ ਪਸਾਰ ਲਈ ਜੋ ਭੀ ਕ੍ਰਾਂਤੀਕਾਰੀ ਕਦਮ ਚੁੱਕੇ ਉਸ ਵਿਚ ਮਾਤਾ ਮਨਸਾ ਦੇਵੀ ਜੀ ਦਾ ਪੂਰਾ-ਪੂਰਾ ਸਹਿਯੋਗ ਸੀ।

# ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ

ਪ੍ਰੋ. ਪ੍ਰਗਟ ਸਿੰਘ

ਇਤਿਹਾਸਕਾਰ 'ਛਠਮ ਪੀਰ' ਦੇ ਗੁਰਿਆਈ ਕਾਲ ਨੂੰ ਸਿੱਖ ਲਹਿਰ ਦਾ ਦੂਜਾ ਮਹੱਤਵਪੂਰਨ ਪੜਾਅ ਮੰਨਦੇ ਹਨ। ਪਹਿਲੇ ਪੜਾਅ ਵਿਚ ਸਿੱਖ ਲਹਿਰ ਦਾ ਆਰੰਭ ਹੋਇਆ ਅਤੇ ਗੁਰੂ ਅਮਰਦਾਸ ਜੀ ਦੇ ਸਮੇਂ ਤੱਕ ਇਹ ਲਹਿਰ ਸਪੱਸ਼ਟ ਰੂਪ ਵਿਚ 'ਤੀਸਰਿ ਪੰਥ' ਵਜੋਂ ਨਿਖਰ ਕੇ ਸਾਹਮਣੇ ਆ ਚੁੱਕੀ ਸੀ। ਇਸੇ ਪੜਾਅ ਵਿਚ ਚੌਥੇ ਅਤੇ ਪੰਜਵੇਂ ਪਾਤਸ਼ਾਹ ਦੇ ਸਮੇਂ ਇਹ ਲਹਿਰ ਗਰੀਬਾਂ, ਕਿਸਾਨਾਂ, ਅਛੂਤਾਂ, ਵਪਾਰੀਆਂ ਅਤੇ ਦਸਤਕਾਰਾਂ ਆਦਿ ਵਿਚ ਫੈਲ ਗਈ ਸੀ। ਖਾਸ ਕਰਕੇ ਮਾਝੇ ਵਿਚ ਜਿਸ ਤਰ੍ਹਾਂ 'ਤੀਸਰਿ ਪੰਥ' ਫੈਲਿਆ, ਉਸ ਨੂੰ ਵੇਖ ਕੇ ਇਸ ਲਹਿਰ ਦੇ ਵਿਰੋਧੀ ਬੁਖਲਾ ਉਠੇ। ਪ੍ਰਚਾਰ ਦਾ ਕੰਮ ਮਸੰਦ ਬਾ-ਖੂਬੀ ਨਿਭਾ ਰਹੇ ਸਨ, ਨਵੇਂ ਸ਼ਹਿਰ ਆਬਾਦ ਹੋ ਰਹੇ ਸਨ, ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਮਹਾਨ ਕਾਰਜ ਵੀ ਸਿਰੇ ਚੜ੍ਹ ਚੁੱਕਾ ਸੀ। ਗੁਰੂ ਅਰਜਨ ਸਾਹਿਬ ਦੇ ਸੁਚੱਜੇ ਪ੍ਰਬੰਧ ਅਤੇ ਸਿੱਖੀ ਵਿਚਾਰਧਾਰਾ ਦੀ ਸਰਲਤਾ ਨੇ ਹਰ ਆਮ ਵਿਅਕਤੀ ਨੂੰ ਪ੍ਰਭਾਵਿਤ ਕੀਤਾ ਸੀ। ਸਿਮਰਨ, ਨਿਮਰਤਾ, ਸੇਵਾ ਅਤੇ ਵੰਡ ਛਕਣ ਵਰਗੇ ਗੁਣਾਂ ਕਰਕੇ ਲੋਕ-ਸਮੂਹ ਸਿੱਖ ਮੱਤ ਵਿਚ ਪ੍ਰਵੇਸ਼ ਕਰ ਰਹੇ ਸਨ। ਅੰਮ੍ਰਿਤਸਰ ਅਤੇ ਹੋਰ ਕੇਂਦਰਾਂ ਉੱਪਰ ਹਰ ਸਮੇਂ ਸ਼ਰਧਾਲੂਆਂ ਦੀ ਭੀੜ ਲੱਗੀ ਰਹਿੰਦੀ ਸੀ। ਸ਼ਰਧਾਲੂਆਂ ਦੀਆਂ ਭੇਟਾਵਾਂ ਅਤੇ ਮਸੰਦਾਂ ਦੁਆਰਾ ਇਕੱਠਾ ਕੀਤਾ ਦਸਵੰਧ, ਗੁਰੂ-ਘਰ ਨੂੰ ਕਦੇ ਆਰਥਿਕ ਸੰਕਟ ਨਾ ਆਉਣ ਦਿੰਦਾ।



ਲਹਿਰਾਂ ਦੀ ਚੜ੍ਹਾਈ ਦੇ ਇਹ ਸਮੇਂ, ਲਹਿਰਾਂ ਲਈ ਦੋ ਕਾਰਨਾਂ ਕਰਕੇ ਮਹੱਤਵਪੂਰਨ ਹੁੰਦੇ ਹਨ। ਇਸ ਸਮੇਂ ਲਹਿਰ ਦੇ ਆਗੂ ਦੀ ਥੋੜ੍ਹੀ ਜਿਹੀ ਲਾ-ਪਰਵਾਹੀ ਵੀ ਲਹਿਰ ਖ਼ਤਮ ਕਰ ਸਕਦੀ ਹੈ। ਦੋ ਕਾਰਨ ਇਹ ਹੁੰਦੇ ਹਨ–

(ੳ) ਲਹਿਰ ਦਾ ਸਰਬਪੱਖੀ ਵਿਕਾਸ ਹੋਣਾ

(ਅ) ਲਹਿਰ ਦਾ ਵਿਰੋਧ ਹੋਣਾ

ਪਹਿਲੇ ਦੀ ਥਾਂ ਕਈ ਵੇਰਾਂ ਦੂਜਾ ਕਾਰਨ ਵਧੇਰੇ ਭਾਰੂ ਹੋਣ ਦੀ ਸੂਰਤ ਵਿਚ, ਸਿਖਰ 'ਤੇ ਪਹੁੰਚੀ ਲਹਿਰ ਦਾ ਨਾਮੋ-ਨਿਸ਼ਾਨ ਵੀ ਮਿਟ ਸਕਦਾ ਹੈ। ਇਤਿਹਾਸ ਦੇ ਖੂਹ-ਖਾਤੇ ਵਿਚ ਪਤਾ ਨਹੀਂ ਅਜਿਹੀਆਂ ਕਿੰਨੀਆਂ ਲਹਿਰਾਂ ਹੋਣਗੀਆਂ, ਜਿਨ੍ਹਾਂ ਨੂੰ ਵਿਰੋਧੀਆਂ ਨੇ ਮਲੀਆਮੇਟ ਕਰ ਸੁੱਟਿਆ! ਇਹ ਵਿਰੋਧੀ ਦੋ ਤਰ੍ਹਾਂ ਦੇ ਹੋ ਸਕਦੇ ਹਨ। ਪਹਿਲੇ ਉਹ ਵਿਰੋਧੀ ਹੁੰਦੇ ਹਨ ਜੋ ਸਿਧਾਂਤਕ ਮੱਤਭੇਦ ਰੱਖਦੇ ਹੋਣ ਅਤੇ ਦੂਜੇ ਵਿਰੋਧੀ ਇਸੇ ਲਹਿਰ ਦੇ ਵਿਚੋਂ ਨਿਕਲਦੇ ਹਨ। ਦੂਜੀ ਕਿਸਮ ਦੇ ਵਿਰੋਧੀ, ਲਾਲਚ ਜਾਂ ਸਵਾਰਥ-ਸਿੱਧੀ ਲਈ ਲਹਿਰ ਨੂੰ ਅੰਦਰੋਂ ਖੋਰਾ ਲਾਉਂਦੇ ਹਨ। ਕਈ ਵੇਰਾਂ ਇਹ ਦੂਜੀ ਕਿਸਮ ਦੇ ਵਿਰੋਧੀ ਵਧੇਰੇ ਨੁਕਸਾਨ ਪਹੁੰਚਾ ਸਕਦੇ ਹਨ। ਇਹ ਵਿਰੋਧੀ ਸਿਧਾਂਤਹੀਣ ਗਠਜੋੜ ਕਰਕੇ, ਚਾਲਾਂ ਚੱਲ ਕੇ ਨਿੱਜੀ ਹਿੱਤਾਂ ਦੀ ਪੂਰਤੀ ਕਰਦੇ ਰਹਿੰਦੇ ਹਨ। ਗੁਰ-ਇਤਿਹਾਸ ਅਜਿਹੇ ਵਿਰੋਧੀਆਂ ਨੂੰ 'ਮੀਣੇ' (ਮੀਸਣੇ) ਕਹਿ ਕੇ ਯਾਦ ਕਰਦਾ ਹੈ। ਸਿੱਖ ਲਹਿਰ ਨੂੰ ਇਨ੍ਹਾਂ ਦੋਹਾਂ ਤਰ੍ਹਾਂ ਦੇ ਵਿਰੋਧੀਆਂ ਦਾ ਸਾਹਮਣਾ ਕਰਨਾ ਪਿਆ। ਜੇ ਹਿੰਦੂ ਮੱਤ ਦੇ ਪੁਜਾਰੀਆਂ ਅਤੇ ਕੱਟੜ ਮੁਸਲਮਾਨਾਂ ਨੂੰ ਚਿੰਤਾ ਸੀ ਕਿ ਲੋਕ-ਸਮੂਹ ਧੜਾਧੜ ਸਿੱਖ ਬਣਦੇ ਜਾ ਰਹੇ ਹਨ ਤਾਂ ਪ੍ਰਿਥੀ ਚੰਦ ਵਰਗੇ ਈਰਖਾਲੂ ਗੁਰਗੱਦੀ ਨੂੰ ਘਰੇਲੂ ਜਾਇਦਾਦ ਸਮਝਕੇ ਇਸ ਉੱਪਰ ਆਪਣਾ ਹੱਕ ਜਤਾ ਰਹੇ ਸਨ। ਬੀਰਬਲ ਅਤੇ ਚੰਦੂ, ਹਿੰਦੂ ਮੁਸਲਮਾਨ ਸੋਚ ਦੇ ਪ੍ਰਤੀਨਿਧ ਵਜੋਂ ਹਕੂਮਤ ਦੇ ਕੰਨ ਭਰਦੇ ਰਹੇ ਅਤੇ ਪ੍ਰਿਥੀ ਚੰਦ ਵੀ ਹਾਕਮਾਂ ਕੋਲ 'ਹੱਕ' ਲੈਣ ਲਈ ਦਰਖਾਸਤਾਂ ਦਿੰਦਾ ਰਿਹਾ। ਨਕਸ਼ਬੰਦੀ ਮੁਲਮਾਨ ਤਾਂ ਸਮੇਂ ਦੇ ਬਾਦਸ਼ਾਹ ਨੂੰ ਉਂਗਲਾਂ ਉੱਪਰ ਨਚਾਉਣਾ ਚਾਹੁੰਦੇ ਸਨ। ਆਖਰ ਨਕਸ਼ਬੰਦੀਆਂ ਦੇ ਜਹਾਂਗੀਰ ਜਿਹੇ ਪਿਆਕੜ ਅਤੇ ਅੱਯਾਸ਼ ਵਿਅਕਤੀ ਨੂੰ ਬਾਦਸ਼ਾਹ ਬਣਾਉਣ ਵਿਚ ਦਿੱਤੇ ਸਹਿਯੋਗ ਕਾਰਨ ਬਾਦਸ਼ਾਹ ਉਨ੍ਹਾਂ ਦਾ ਅਹਿਸਾਨਮੰਦ ਸੀ। ਸਭ ਤਰ੍ਹਾਂ ਦੇ ਵਿਰੋਧੀ ਇਕੱਠੇ ਨਜ਼ਰ ਆ ਰਹੇ ਸਨ। ਖੁਸਰੋ ਦੀ ਮਦਦ ਕਰਨ ਦਾ ਦੋਸ਼, ਕੰਨਾਂ ਦੇ ਕੱਚੇ ਬਾਦਸ਼ਾਹ ਅਤੇ ਵਿਰੋਧੀਆਂ ਲਈ ਕਾਫੀ ਸੀ। ਇਹ ਗੱਠਜੋੜ ਸਮਝਦਾ ਸੀ ਕਿ ਇਕ ਝਟਕੇ ਨਾਲ ਲਹਿਰ ਨੂੰ ਖਦੇੜ ਦਿੱਤਾ ਜਾਵੇ। ਸੰਨ ੧੬੦੬ ਈ. ਨੂੰ ਲਾਹੌਰ ਵਿਖੇ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ।

ਇਸ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਉਮਰ ਗਿਆਰਾਂ ਵਰ੍ਹਿਆਂ ਦੀ ਸੀ। ੧੪ ਜੂਨ ੧੫੯੫ ਈ. ਨੂੰ ਗੁਰੂ ਕੀ ਵਡਾਲੀ ਵਿਖੇ ਗੁਰੂ ਅਰਜਨ ਸਾਹਿਬ ਦੇ ਘਰ, ਮਾਤਾ ਗੰਗਾ ਜੀ ਦੇ ਉਦਰ ਤੋਂ 'ਦਲਿਭੰਜਨ ਗੁਰੂ ਸੂਰਮਾ' ਜਨਮਿਆ। ਪ੍ਰਿਥੀ ਚੰਦ ਦੀਆਂ ਮਨ ਦੀਆਂ ਮਨ ਵਿਚ ਰਹਿ ਗਈਆਂ। ਉਸ ਨੂੰ ਆਸ ਸੀ ਕਿ ਉਸ ਨੂੰ ਤਾਂ ਗੁਰਗੱਦੀ ਮਿਲੀ ਨਹੀਂ, ਪਰ ਗੁਰੂ ਅਰਜਨ ਸਾਹਿਬ ਦੀ ਕੋਈ ਸੰਤਾਨ ਨਾ ਹੋਣ ਕਰਕੇ ਉਸ ਦੇ ਪੁੱਤਰ ਮਿਹਰਬਾਨ ਨੂੰ ਗੁਰਗੱਦੀ ਜ਼ਰੂਰ ਮਿਲੇਗੀ। ਇਸ ਲੇਖ ਦਾ ਲੇਖਕ ਇਸ ਵਿਚਾਰ ਨਾਲ ਸਹਿਮਤ ਨਹੀਂ ਕਿ ਗੁਰੂ ਅਰਜਨ ਸਾਹਿਬ ਦੇ ਮਹਿਲ ਨੂੰ ਅਕਸਰ ਸੰਤਾਨ ਨਾ ਹੋਣ ਦਾ 'ਹੇਰਵਾ' ਰਹਿੰਦਾ ਸੀ। ਲੇਖਕ ਦੇ ਵਿਚਾਰ ਅਨੁਸਾਰ ਅਜਿਹੇ ਬਿਰਤਾਂਤ ਗੁਰਮਤਿ ਸਿਧਾਂਤ ਤੋਂ ਅਣਜਾਣ ਇਤਿਹਾਸਕਾਰਾਂ ਨੇ ਹੀ ਦਿੱਤੇ ਹਨ। ਐਸੀ ਮਨੋ-ਸਥਿਤੀ ਅਗਿਆਨੀ

ਜੀਵਾਂ ਦੀ ਹੀ ਹੁੰਦੀ ਹੈ। ਗੁਰੂ ਅਰਜਨ ਸਾਹਿਬ ਜਾਂ ਉਨ੍ਹਾਂ ਦੇ ਮਹਿਲ ਪ੍ਰਤੀ ਇਹ ਗੱਲ ਕਹਿਣੀ, ਉਨ੍ਹਾਂ ਦੇ ਨਿਰਾਦਰ ਤੁਲ ਹੈ। ਅਜਿਹੀ ਨਾ-ਸਮਝੀ ਭਰੀ ਗੱਲ ਤੋਂ ਇਹ ਭਾਵ ਨਿਕਲਦਾ ਹੈ ਕਿ ਜਿਵੇਂ ਗੁਰਗੱਦੀ ਜੱਦੀ ਚੀਜ਼ ਹੋਵੇ ਅਤੇ ਪੁੱਤਰ ਨਾ ਹੋਣ ਦੀ ਸੂਰਤ ਵਿਚ, ਇਸ ਦੇ ਘਰੋਂ ਬਾਹਰ ਜਾਣ ਦਾ ਤੌਖਲਾ ਹੋਵੇ! ਗੁਰ-ਇਤਿਹਾਸ ਦੀ ਸੋਝੀ ਰੱਖਣ ਵਾਲੇ ਜਾਣਦੇ ਹਨ ਕਿ ਗੁਰਗੱਦੀ ਜੱਦੀ ਨਹੀਂ ਸੀ। ਗੁਰਗੱਦੀ ਦਾ ਤਖ਼ਤ, ਤਖ਼ਤ ਦੇ ਲਾਇਕ ਨੂੰ ਹੀ ਪ੍ਰਾਪਤ ਹੁੰਦਾ ਰਿਹਾ। ਇਹ ਗੱਲ ਬਾਅਦ ਦੇ ਇਤਿਹਾਸਕ ਮੁਲਾਂਕਣ ਤੋਂ ਸਹੀ ਸਿੱਧ ਹੁੰਦੀ ਹੈ ਕਿ ਗੁਰੂ ਅਰਜਨ ਸਾਹਿਬ ਨੇ ਆਪਣਾ ਉਤਰਾਧਿਕਾਰੀ ਜਿਸ ਨੂੰ ਚੁਣਿਆ, ਉਹ ਸਮੇਂ ਅਤੇ ਪ੍ਰਸਥਿਤੀਆਂ ਦੇ ਅਨੁਕੂਲ ਢੁਕਵਾ ਸੀ, ਉਸ ਨੇ ਸਹੀ ਅਗਵਾਈ ਪ੍ਰਦਾਨ ਕੀਤੀ। ਗੁਰਗੱਦੀ ਸਮੇਂ ਉਮਰ ਅਤੇ ਰਿਸ਼ਤੇ ਦਾ ਕੋਈ ਮਹੱਤਵ ਨਹੀਂ ਰੱਖਿਆ ਜਾਂਦਾ ਸੀ। ਗੁਰੂ ਨਾਨਕ ਸਾਹਿਬ ਨੇ ੭੦ ਵਰ੍ਹਿਆਂ ਦੀ ਉਮਰ ਵਿਚ ਭਾਈ ਲਹਿਣੇ ਨੂੰ ਮੱਥਾ ਟੇਕਿਆ ਸੀ। ਗੁਰੂ ਰਾਮਦਾਸ ਜੀ (ਪਿਤਾ) ਨੇ ਗੁਰੂ ਅਰਜਨ ਸਾਹਿਬ (ਪੁੱਤਰ) ਨੂੰ ਮੱਥਾ ਟੇਕਿਆ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰੂ ਅਰਜਨ ਸਾਹਿਬ ਨੇ ਮੱਥਾ ਟੇਕਿਆ ਸੀ। ਇਹ ਲਿਖਣਾ ਹੀ ਗਲਤ ਹੈ ਕਿ ਪਿਤਾ ਨੇ ਪੁੱਤਰ ਨੂੰ ਮੱਥਾ ਟੇਕਿਆ। ਗੁਰ-ਇਤਿਹਾਸ ਵਿਚ ਗੁਰੂ ਨਾਨਕ-ਜੋਤ ਦਾ ਮਹੱਤਵ ਹੈ। ਇਹ ਜੋਤ ਜਿਸਨੂੰ ਵੀ ਪ੍ਰਾਪਤ ਹੋਈ, ਉਹ ਪੂਜਯ ਹੋ ਗਿਆ, ਉਹ ਧੰਨ ਹੋ ਗਿਆ। ਉਪਰੋਕਤ ਪ੍ਰਸਥਿਤੀਆਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖਾਂ ਦੀ ਕਿਵੇਂ ਅਗਵਾਈ ਕੀਤੀ? ਉਨ੍ਹਾਂ ਨੇ ਸਿੱਖ-ਸੰਗਠਨ ਦੀ ਮਜ਼ਬੂਤੀ ਅਤੇ ਵਾਧੇ ਲਈ ਕੀ ਯੋਗਦਾਨ ਪਾਇਆ? ਉਨ੍ਹਾਂ ਦੁਆਰਾ ਅਪਨਾਈ ਨੀਤੀ ਨੇ ਸਿੱਖ ਸੰਗਠਨ ਦੇ ਭਵਿੱਖ ਲਈ ਕੀ ਪ੍ਰਭਾਵ ਪਾਇਆ ਇਨ੍ਹਾਂ ਪ੍ਰਸ਼ਨਾਂ ਉੱਪਰ ਵਿਚਾਰ ਕਰਨੀ ਸਾਡੇ ਇਸ ਲੇਖ ਦਾ ਮਨੋਰਥ ਹੈ।

ਸੰਨ ੧੬੦੬ ਈ. ਵਿਚ ਗੁਰੂ ਨਾਨਕ ਪਾਤਸ਼ਾਹ ਦੀ ਜੋਤ ਨੇ ਕਾਇਆ ਬਦਲ ਕੀਤੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੋਣ ਸਮੇਂ ਗੁਰੂ ਅਰਜਨ ਸਾਹਿਬ ਦੇ ਆਦੇਸ਼ ਮੁਤਾਬਿਕ, ਸਿੱਖ ਮੱਤ ਦੇ ਫ਼ੌਜੀਕਰਨ ਦਾ ਐਲਾਨ ਕੀਤਾ। ਗੁਰਗੱਦੀ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦਸਤਾਰ ਅਤੇ ਦੋ ਤਲਵਾਰਾਂ ਪਹਿਨੀਆਂ। ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਨੂੰ ਸੰਤ-ਸਿਪਾਹੀ ਬਣਾਉਣ ਲਈ, ਸ਼ਸਤਰਧਾਰੀ ਹੋਣ ਦਾ ਆਦੇਸ਼ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਨੇ ਦੂਰ-ਨੇੜੇ ਦੇ ਸਿੱਖਾਂ ਨੂੰ ਅੰਮ੍ਰਿਤਸਰ ਬੁਲਵਾਇਆ ਅਤੇ ਉਨ੍ਹਾਂ ਨੂੰ ਚੰਗੇ ਹਥਿਆਰ ਅਤੇ ਘੋੜੇ ਨਜ਼ਰਾਨੇ ਵਜੋਂ ਲਿਆਉਣ ਲਈ ਕਿਹਾ। ਬਾਅਦ ਵਿਚ ਚੰਗੇ ਘੋੜਿਆਂ ਦੀ ਖਰੀਦ ਲਈ ਕੁਝ ਸਿੱਖਾਂ ਨੂੰ ਬੁਖ਼ਾਰੇ ਵੀ ਭੇਜਿਆ ਗਿਆ। ਸਿੱਖਾਂ ਲਈ ਸ਼ਸਤਰ-ਵਿੱਦਿਆ ਦਾ ਪ੍ਰਬੰਧ ਕੀਤਾ ਅਤੇ ਛੇਤੀ ਹੀ ਗੁਰੂ ਜੀ ਕੋਲ ਬਹਾਦਰ ਗੱਭਰੂਆਂ ਦੀ ਇਕ ਫ਼ੌਜ ਤਿਆਰ ਹੋ ਗਈ।

ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਕੀਤੇ ਫ਼ੌਜੀਕਰਨ ਨੂੰ ਕਈ ਇਤਿਹਾਸਕਾਰਾਂ ਨੇ ਠੀਕ ਤਰ੍ਹਾਂ ਨਹੀਂ ਸਮਝਿਆ। ਉਨ੍ਹਾਂ ਅਨੁਸਾਰ ਇਸ ਫ਼ੌਜੀਕਰਨ ਦਾ ਕਾਰਨ ਆਪਣੇ ਗੁਰੂ-ਪਿਤਾ ਦੀ ਸ਼ਹੀਦੀ ਦੇ ਬਦਲੇ ਦੀ ਭਾਵਨਾ ਜਾਂ ਜੱਟਾਂ ਦਾ ਭਾਰੀ ਗਿਣਤੀ ਵਿਚ ਸਿੱਖ ਬਣਨਾ ਸੀ। ਜਾਦੂ ਨਾਥ ਸਰਕਾਰ ਵਰਗੇ ਇਤਿਹਾਸਕਾਰ ਤਾਂ ਇਸ ਫ਼ੌਜੀਕਰਨ ਨੂੰ ਸਿੱਖੀ ਦੇ ਪਤਨ ਵੱਲ ਜਾਣਾ ਮੰਨਦੇ ਹਨ। ਇਹ ਲੇਖਕ ਤਾਂ, ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਨੂੰ ਇਸ ਫ਼ੌਜੀਕਰਨ ਦੀ ਨੀਤੀ ਦੇ ਵਿਰੁੱਧ ਦੱਸਦਾ ਹੈ।

ਅਸੀਂ ਗੁਰਮਤਿ ਦੇ ਚਾਨਣ ਵਿਚ ਅਤੇ ਇਤਿਹਾਸਕਾਰ ਸੂਝ-ਬੂਝ ਨਾਲ ਉਪਰੋਕਤ ਕਿਸਮ ਦੇ ਵਿਸ਼ਲੇਸ਼ਣ ਦਾ ਪੁਨਰ-ਵਿਸ਼ਲੇਸ਼ਣ ਕਰ ਸਕਦੇ ਹਾਂ :

(ੳ) ਬਦਲੇ ਦੀ ਭਾਵਨਾ – ਗੋਕਲ ਚੰਦ ਨਾਰੰਗ ਆਪਣੀ ਪੁਸਤਕ 'ਸਿੱਖ ਮੱਤ ਦਾ ਪਰਿਵਰਤਨ' ਵਿਚ ਇਸ ਫ਼ੌਜੀਕਰਨ ਦਾ ਪਹਿਲਾ ਕਾਰਨ, ਆਪਣੇ ਪਿਤਾ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦਾ ਬਦਲਾ ਲੈਣ ਦੀ ਭਾਵਨਾ ਨੂੰ ਦੱਸਦਾ ਹੈ। ਇਸ ਤੋਂ ਇਲਾਵਾ 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਦਾ ਕਰਤਾ ਵੀ ਬਦਲੇ ਦੀ ਭਾਵਨਾ ਦਾ ਹੀ ਜ਼ਿਕਰ ਕਰਦਾ ਹੈ। ਇਨ੍ਹਾਂ ਸਤਰਾਂ ਦੇ ਲੇਖਕ ਦਾ ਮੱਤ ਹੈ ਕਿ ਬਦਲੇ ਦੀ ਭਾਵਨਾ ਦਰਸਾ ਕੇ, ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਨੀਤੀ ਨੂੰ ਘਰੇਲੂ ਕਾਰਨਾਂ ਤੋਂ ਪ੍ਰੇਰਿਤ ਦੱਸਣ ਦਾ ਮਨੋਰਥ ਜਾਣ-ਬੁਝ ਕੇ ਪ੍ਰਾਪਤ ਕੀਤਾ ਗਿਆ ਹੈ। ਇਹ ਗੁਰ-ਇਤਿਹਾਸ ਦੇ ਜਲਾਲ ਨੂੰ ਘਟਾਉਣ ਦੀ ਕੋਝੀ ਚਾਲ ਹੈ। ਗੁਰੂ-ਦ੍ਰਿਸ਼ਟੀ ਵਿਚੋਂ ਤਾਂ ਅੰਮ੍ਰਿਤ ਅਤੇ ਖ਼ਿਮਾ ਦੇ ਚਸ਼ਮੇ ਫੁੱਟਦੇ ਹਨ! ਤਾਂ ਫਿਰ ਵੈਰ ਅਤੇ ਬਦਲਾ ਕਿੱਥੇ? ਸਤਿਗੁਰੂ ਨਿਰਵੈਰ ਹੈ, ਮਿਠਬੋਲੜਾ ਹੈ, ਉਹ ਦੁਸ਼ਟਾਂ ਨੂੰ ਵੀ ਤਾਰਨਹਾਰ ਹੈ। ਇੰਦੂ ਭੂਸ਼ਨ ਬੈਨਰਜੀ ਨੇ ਠੀਕ ਲਿਖਿਆ ਹੈ, "ਅਕਬਰ ਦੇ ਸ਼ਹਿਨਸ਼ੀਲਤਾ ਵਾਲੇ ਦਿਨ ਬੀਤ ਚੁੱਕੇ ਸਨ ਅਤੇ ਨਵੀਂ ਹਕੂਮਤ ਦੇ ਸ਼ੁਰੂ ਵਿਚ ਹੀ ਸਿੱਖਾਂ ਨੂੰ ਜੋ ਤਲਖ ਤਜ਼ਰਬਾ ਹੋਇਆ, ਉਸ ਨੇ ਇਹ ਨਿਸ਼ਚਾ ਕਰਾ ਦਿੱਤਾ ਕਿ ਅੱਗੋਂ ਸਮਾਂ ਔਖਾ ਆਉਣ ਵਾਲਾ ਹੈ। ਭਵਿੱਖ ਵਿਚ ਵਾਪਰਨ ਵਾਲੀਆਂ ਅਚਿੰਤ ਘਟਨਾਵਾਂ ਦੀ ਸਾਵਧਾਨੀ ਵਜੋਂ ਗੁਰੂ ਹਰਿਗੋਬਿੰਦ ਨੇ ਸ਼ਸਤਰਾਂ ਨੂੰ ਧਾਰਿਆ, ਨਾ ਕਿ ਬਦਲਾ ਲੈਣ ਦੀ ਭਾਵਨਾ ਕਰਕੇ।" ਉਹ ਅੱਗੇ ਜਾ ਕੇ ਇਹ ਵੀ ਲਿਖਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਲੜੀਆਂ ਤਿੰਨੋਂ ਜੰਗਾਂ ਸੁਰੱਖਿਅਤ ਸਰੂਪ ਵਾਲੀਆਂ ਸਨ। ਗੁਰੂ-ਇਤਿਹਾਸ ਦੀ ਕੋਈ ਜੰਗ ਬਦਲੇ ਦੀ ਭਾਵਨਾ ਨਾਲ ਨਹੀਂ ਲੜੀ ਗਈ। ਇਤਿਹਾਸ ਗਵਾਹ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਈ ਤੋਂ ਬਾਅਦ, ਜਹਾਂਗੀਰ ਅਤੇ ਆਪ ਵਿਚਕਾਰ ਮਿੱਤਰਤਾ ਰਹੀ। ਉਹ ਇਕੱਠੇ ਸ਼ਿਕਾਰ ਖੇਡਦੇ ਰਹੇ। ਇਕ ਵੇਰਾਂ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਦਸ਼ਾਹ ਨੂੰ ਸ਼ੇਰ ਦੇ ਹਮਲੇ ਤੋਂ ਬਚਾਇਆ ਵੀ ਸੀ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਸ ਮਿੱਤਰਤਾ ਉਪਰੰਤ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਦੁਆਰਾ ਸੰਗਠਿਤ ਫੌਜਰੱਖਣ ਦਾ ਕੋਈ ਕਾਰਨ ਨਹੀਂ ਸੀ। ਪਰ ਗੁਰੂ ਹਰਿਗੋਬਿੰਦਸਾਹਿਬ ਜੀ ਨੇ ਗੁਰਗੱਦੀ ਦੇ ਸਤਵੇਂ ਉੱਤਰਾਧਿਕਾਰੀ ਨੂੰ ਵੀ ਫ਼ੌਜ ਰੱਖਣ ਦਾ ਆਦੇਸ਼ ਦਿੱਤਾ ਸੀ। ਬਾਕੀ ਰਹੀ ਚੰਦੂ ਸ਼ਾਹ ਤੋਂ ਬਦਲਾ ਲੈਣ ਵਾਲੀ ਗੱਲ, ਤਾਂ ਚੰਦੂ ਤੋਂ ਬਦਲਾ ਲੈਣ ਲਈ ਫ਼ੌਜ ਦੀ ਕੀ ਲੋੜ ਸੀ?

(ਅ) ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਅਤੇ ਫ਼ੌਜੀਕਰਨ – ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖ ਸੰਗਠਨ ਦਾ ਜੋ ਫ਼ੌਜੀਕਰਨ ਕੀਤਾ, ਉਹ ਗੁਰੂ ਨਾਨਕ ਪਾਤਸ਼ਾਹ ਦੀਆਂ ਸਿੱਖਿਆਵਾਂ ਤੋਂ ਕਿਸੇ ਤਰ੍ਹਾਂ ਵਿਪਰੀਤ ਨਹੀਂ ਸੀ। ਪ੍ਰਿੰਸੀਪਲ ਸਤਿਬੀਰ ਸਿੰਘ ਦੇ ਕਥਨ ਅਨੁਸਾਰ, "ਗੁਰੂ ਹਰਿਗੋਬਿੰਦ ਸਾਹਿਬ ਜੀ ਵੀ ਉਸ ਬੂਟੇ ਨੂੰ ਸਿੰਜ ਰਹੇ ਸਨ, ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਬੀਜਿਆ ਸੀ। 'ਸਿਰੁ ਧਰਿ ਤਲੀ ਗਲੀ ਮੇਰੀ ਆਉ' ਅਤੇ 'ਸੀਸੁ ਵਢੇ ਕਰਿ ਬੈਸਣੁ ਦੀਜੈ' ਮੀਰੀ ਦੇ ਚਿੰਨ੍ਹ ਆਰੰਭ ਤੋਂ ਹੀ ਦੱਸੇ ਜਾ ਰਹੇ ਸਨ। ਗੁਰੂ ਹਰਿਗੋਬਿੰਦ ਜੀ ਨੇ ਤਾਂ ਸਿਰਫ਼ ਪ੍ਰਗਟ ਹੀ ਕੀਤੇ। ਸਿੱਖ ਧਰਮ ਵਿਚ 'ਅਹਿੰਸਾ ਪਰਮੋ ਧਰਮ' ਦੇ ਆਦਰਸ਼ ਦਾ ਸਤਿਕਾਰ ਨਹੀਂ। ਜ਼ੁਲਮ ਤੇ ਜ਼ਬਰ ਵਿਰੁੱਧ ਆਵਾਜ਼ ਉਠਾਉਣੀ ਅਤੇ ਸੰਘਰਸ਼ ਕਰਨਾ ਧਰਮ ਹੈ।

(ੲ) ਜੱਟਾਂ ਦੀ ਬਹੁਤਾਤ : ਡਾ. ਜੇ.ਐਸ. ਗਰੇਵਾਲ ਅਤੇ ਡਾ.

ਡਬਲਿਊ.ਐੱਚ. ਮਕਲਾਊਡ ਦਾ ਮੱਤ ਹੈ ਕਿ ਜੱਟਾਂ ਦੀ ਭਾਰੀ ਗਿਣਤੀ ਵਿਚ ਸਿੱਖ ਮੱਤ ਵਿਚ ਪ੍ਰਵੇਸ਼ ਕਰਨਾ ਹੀ, ਇਸ ਫ਼ੌਜੀਕਰਨ ਦਾ ਕਾਰਨ ਸੀ। ਇਨ੍ਹਾਂ ਵਿਦਵਾਨਾਂ ਦਾ ਮੱਤ ਹੈ ਕਿ ਜੱਟ ਲੜਾਕੇ ਸਨ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮਜ਼ਬੂਰੀ ਸੀ ਕਿ ਉਹ ਸਿੱਖ ਸੰਗਠਨ ਦਾ ਫ਼ੌਜੀਕਰਨ ਕਰਕੇ, ਇਨ੍ਹਾਂ ਜੱਟਾਂ ਨੂੰ ਸੰਗਠਨ ਨਾਲ ਜੋੜੀ ਰੱਖਦੇ। ਇਸ ਤਰ੍ਹਾਂ ਦੇ ਵਿਚਾਰ ਅਗਿਆਨਤਾ ਕਰਕੇ ਬਣਦੇ ਹਨ ਜਾਂ ਜਾਣ-ਬੁੱਝ ਕੇ ਗੌਰਵਮਈ ਪਰੰਪਰਾ ਨੂੰ ਮਧੋਲਣ ਦੇ ਯਤਨ ਵਜੋਂ ਬਣਾਏ ਜਾਂਦੇ ਹਨ। ਸਿੱਖ ਪਰੰਪਰਾ ਅਨੁਸਾਰ ਇਹ ਫ਼ੌਜੀਕਰਨ ਗੁਰੂ ਅਰਜਨ ਸਾਹਿਬ ਦੇ ਆਦੇਸ਼ ਮੁਤਾਬਿਕ ਹੋਇਆ ਸੀ। ਇਸ ਆਦੇਸ਼ ਦਾ ਔਚਿਤਯ ਹੀ ਉਸ ਸਮੇਂ ਦੀਆਂ ਪ੍ਰਸਥਿਤੀਆਂ, ਜਿਨ੍ਹਾਂ ਦਾ ਜ਼ਿਕਰ ਇਸ ਲੇਖ ਦੇ ਪਹਿਲੇ ਭਾਗ ਵਿਚ ਹੋ ਚੁੱਕਾ ਹੈ। ਤੱਥ ਤਾਂ ਇਹ ਹੈ ਕਿ ਸਿੱਖ ਮੱਤ ਵਿਚ ਖ਼ੱਤਰੀਆਂ-ਬਾਣੀਆਂ ਦੀ ਗਿਣਤੀ, ਜੱਟਾਂ ਤੋਂ ਘੱਟ ਪ੍ਰਭਾਵਸ਼ਾਲੀ ਨਹੀਂ ਸੀ। ਇਹ ਖੱਤਰੀ ਹੀ ਸਿੱਖ-ਸੰਗਠਨ ਵਿਚ ਭਾਰੂ ਸਨ। ਪਰ ਗੁਰੂ ਹਰਿਗੋਬਿੰਦ ਸਾਹਿਬ ਨੇ ਖੱਤਰੀਆਂ-ਬਾਣੀਆਂ ਦੀ ਪਰਵਾਹ ਕਿਉਂ ਨਾ ਕੀਤੀ? ਉਸ ਸਮੇਂ ਦੇ ਖੱਤਰੀ-ਬਾਣੀਏ ਇਸ ਅਵਸਥਾ ਵਿਚ ਨਹੀਂ ਸਨ ਕਿ ਉਨ੍ਹਾਂ ਨੂੰ ਮੈਦਾਨੇ-ਜੰਗ ਵੱਲ ਧਕੇਲਿਆ ਜਾਂਦਾ! ਜੱਟਾਂ ਦੀ ਵੀ ਹਾਲਤ ਇਨ੍ਹਾਂ ਖੱਤਰੀਆਂ ਤੋਂ ਬਿਹਤਰ ਨਹੀਂ ਸੀ। ਪੰਜਾਬ ਵਿਚ ਕਈ ਤਰ੍ਹਾਂ ਦੀਆਂ ਆਰਥਕ ਮੰਦਹਾਲੀ ਅਤੇ ਜ਼ੁਲਮਾਂ ਦੀਆਂ ਹਾਲਤਾਂ ਵਿਚ, ਕਈ ਸਦੀਆਂ ਤੋਂ ਕਿਸਾਨਾਂ ਦੇ ਵਿਦਰੋਹ ਨਹੀਂ ਉਠੇ ਸਨ। ਉਹ ਜ਼ੁਲਮ ਸਹਿਣ ਦੇ ਆਦੀ ਹੋ ਚੁੱਕੇ ਸਨ।

ਇਨ੍ਹਾਂ ਦੱਬੇ-ਕੁਚਲੇ ਅਤੇ ਨਿਰਬਲ ਲੋਕਾਂ ਦੇ ਹੱਥਾਂ ਵਿਚ ਹਥਿਆਰ ਆ ਜਾਣੇ, ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਪ੍ਰਾਪਤ ਅਕਾਲੀ ਮਿਸ਼ਨ ਕਰਕੇ ਹੀ ਸੰਭਵ ਹੋ ਸਕਿਆ। ਇਸ ਗੱਲ ਦੀ ਪੁਸ਼ਟੀ ਇਸ ਕਥਨ ਤੋਂ ਵੀ ਹੁੰਦੀ ਹੈ ਕਿ ਜਿਸ ਦਿਨ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਕਿਰਪਾਨਾਂ ਪਹਿਨੀਆਂ ਅਤੇ ਸਿੱਖਾਂ ਨੂੰ ਸ਼ਸਤਰਧਾਰੀ ਹੋਣ ਦਾ ਆਦੇਸ਼ ਦਿੱਤਾ ਗਿਆ, ਉਸ ਦਿਨ ਆਮ ਸਿੱਖ ਭੰਬਲਭੂਸੇ ਵਿਚ ਪੈ ਗਏ ਸਨ। ਬਹੁਤ ਸਾਰੀ ਸੰਗਤ ਗੁਰੂ ਸਾਹਿਬ ਨੂੰ ਰਾਹੋਂ 'ਲਾਂਭੇ' ਪਿਆ ਸਮਝਣ ਲੱਗੀ ਸੀ। ਕੁਝ ਮੋਹਿਤਬਰਾਂ ਨੇ ਮਾਤਾ ਜੀ ਪਾਸ 'ਸ਼ਿਕਾਇਤ' ਵੀ ਕੀਤੀ ਸੀ। ਇਸ ਸਮੇਂ ਵੱਡਾ ਸੰਕਟ ਖੜ੍ਹਾ ਹੋ ਗਿਆ ਸੀ। ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜੀ ਵਰਗੇ ਮਹਾਂਪੁਰਸ਼ਾਂ ਨੇ ਇਸ ਸਮੇਂ ਵੱਡੀ ਮਿਹਨਤ ਉਪਰੰਤ, ਸੰਗਤਾਂ ਨੂੰ ਗੁਰੂ-ਦਰ ਨਾਲ ਜੋੜੀ ਰੱਖਿਆ। ਭਾਈ ਗੁਰਦਾਸ ਜੀ ਨੇ ਇਸ ਪ੍ਰਥਾਏ ਕਈ ਪਉੜੀਆਂ ਰਚੀਆਂ ਅਤੇ ਉਨ੍ਹਾਂ ਸੰਗਤਾਂ ਨੂੰ ਸਮਝਾਇਆ ਕਿ ਗੁਰੂ ਹਰਿਗੋਬਿੰਦ ਸਾਹਿਬ ਉਸੇ ਮਾਲਾ ਦੇ ਮੋਤੀ ਹਨ, ਜਿਸ ਦੇ ਪਹਿਲੇ ਪੰਜ ਗੁਰੂ-ਸਾਹਿਬਾਨ ਸਨ। ਸੰਗਤਾਂ ਨੇ ਜਲਦੀ ਹੀ ਗੁਰੂ-ਕਾਜ ਲਈ ਮਰ-ਮਿਟਣ ਨੂੰ ਧੰਨ ਸਮਝ ਲਿਆ। ਗੱਭਰੂਆਂ ਨੇ ਆਪਣੀਆਂ ਜਵਾਨੀਆਂ ਨੂੰ ਗੁਰੂ ਅੱਗੇ ਸਮਰਪਣ ਕਰਕੇ, ਧੰਨ ਕਰ ਲਿਆ ਸੀ।

ਇਸ ਫ਼ੌਜੀਕਰਨ ਦਾ ਅਗਲਾ ਪੜਾਅ ਸੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦਾ ਐਲਾਨ! ਹਰਿਮੰਦਰ ਸਾਹਿਬ ਦੇ ਸਾਹਮਣੇ ਸੰਨ ੧੬੦੬ ਈ. ਨੂੰ ਅਕਾਲ ਤਖਤ ਦੀ ਨੀਂਹ ਰੱਖੀ ਗਈ। ਇਸ ਇਮਾਰਤ ਨੂੰ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਆਪਣੀ ਹੱਥੀਂ ਬਣਾਇਆ। ਸੰਨ ੧੬੦੬ ਈ. ਨੂੰ ਦੁਨੀਆਂ ਵਿਚ ਪਹਿਲੀ ਵੇਰਾਂ ਅਕਾਲ ਤਖ਼ਤ ਦਾ ਸੰਕਲਪ ਸਾਕਾਰ ਹੋਇਆ। ਝੂਠੇ ਬਾਦਸ਼ਾਹਾਂ ਦੇ ਕੂੜੇ ਤਖ਼ਤਾਂ ਦੀ ਥਾਂ ਸੱਚੇ ਪਾਤਸ਼ਾਹ ਦਾ ਅਕਾਲੀ ਤਖ਼ਤ ਸੀ। ਇਸ ਅਸਥਾਨ 'ਤੇ ਨਿਸ਼ਾਨ ਸਾਹਿਬ ਅਤੇ ਨਗਾਰਾ ਵੀ ਸਥਾਪਤ ਕੀਤੇ ਗਏ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਜਿਹੇ ਤਖ਼ਤ ਦੀ ਰਚਨਾ ਕਰਕੇ, ਸੰਗਤਾਂ ਦੇ ਮਨਾਂ ਵਿਚੋਂ ਹਕੂਮਤ ਦੇ ਦਬਦਬੇ ਨੂੰ ਖਤਮ ਕਰ ਦਿੱਤਾ ਸੀ। ਗੁਰੂ ਉਨ੍ਹਾਂ ਨੂੰ 'ਸੱਚਾ ਪਾਤਸ਼ਾਹ' ਸੀ ਅਤੇ ਉਹੀ 'ਤਖ਼ਤ ਦਾ ਮਾਲਕ' ਸੀ। ਗੁਰੂ ਸਾਹਿਬ ਦੇ ਦਰਬਾਰ ਦੀ ਸ਼ਾਨੋ-ਸ਼ੌਕਤ, ਸ਼ਾਹੀ ਦਰਬਾਰ ਦਾ ਮੂੰਹ ਚਿੜਾਉਂਦੀ ਸੀ। ਇਸ ਦਰਬਾਰ ਵਿਚ ਲੋਕਾਂ ਦੇ ਝਗੜੇ ਹੱਲ ਕੀਤੇ ਜਾਂਦੇ ਸਨ। ਇਹ ਵਿਰੋਧੀ ਤਾਕਤਾਂ ਫਿਰ ਚਿੰਤਤ ਹੋ ਗਈਆਂ। ਉਨ੍ਹਾਂ ਨੇ ਬਾਦਸ਼ਾਹ ਜਹਾਂਗੀਰ ਦੇ ਦੁਬਾਰਾ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਹਰਿਗੋਬਿੰਦ ਸਾਹਿਬ ਫ਼ੌਜ ਇਕੱਠੀ ਕਰਕੇ, ਆਪਣੇ ਗੁਰੂ-ਪਿਤਾ ਦੀ ਸ਼ਹੀਦੀ ਦਾ ਬਦਲਾ ਲੈਣ ਲਈ, ਹਕੂਮਤ ਨਾਲ ਟਕਰਾਉਣਾ ਚਾਹੁੰਦੇ ਹਨ। ਮਿਲੀਆਂ ਰਿਪੋਰਟਾਂ ਦੇ ਆਧਾਰ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ੧੬੦੬ ਈ. ਨੂੰ ਗ੍ਰਿਫ਼ਤਾਰ ਕਰਕੇ, ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਆਪ ਜੀ ਨੂੰ ੧੨ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਪਰ ੧੬੧੧ ਈ. ਨੂੰ ਬਾਦਸ਼ਾਹ ਨੇ ਆਪ ਜੀ ਨੂੰ ਰਿਹਾ ਕਰਨ ਦਾ ਹੁਕਮ ਦਿੱਤਾ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਦਰਮਿਆਨ ਸਿੱਖ ਸੰਗਠਨ ਦੀ ਮਜ਼ਬੂਤੀ ਅਤੇ ਵਾਧੇ ਲਈ ਦੇਸ਼ ਭਰ ਵਿਚ ਦੌਰਾ ਕੀਤਾ। ਉਨ੍ਹਾਂ ਨੇ ਗੁਰਮਤਿ ਵਿਚਲੇ ਮੀਰੀ-ਪੀਰੀ ਦੇ ਸੁਮੇਲ ਦੇ ਸਿਧਾਂਤ ਦੀ ਮਹੱਤਤਾ, ਉਸ ਸਮੇਂ ਦੇ ਧਾਰਮਕ ਆਗੂਆਂ ਨੂੰ ਦੱਸੀ। ਗੁਰੂ ਜੀ ਨੇ ਧਰਮ ਦੇ ਸਮਾਜਕ ਮਹੱਤਵ ਨੂੰ ਸਮਝ ਲਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਣਿਆਂ ਅਤੇ ਉਦਾਸੀਆਂ ਨੂੰ, ਸਿੱਖ-ਸੰਗਠਨ ਵਿਚ ਲਿਆਉਣ ਦੇ ਯਤਨ ਕੀਤੇ।

**ਸਾਰ** : ਇਸਲਾਮ ਤੋਂ ਬਾਅਦ ਇਹ ਸਿੱਖ ਮੱਤ ਹੀ ਸੀ, ਜਿਸ ਦਾ ਫ਼ੌਜੀਕਰਨ ਹੋਇਆ। ਇਹੀ ਕਾਰਨ ਹੈ ਕਿ ਬਹੁਤੇ ਮੁਸਲਿਮ ਵਿਦਵਾਨਾਂ ਨੇ ਤਾਂ ਇਸ ਫ਼ੌਜੀਕਰਨ ਦੀ ਘਟਨਾ ਨੂੰ ਸਮਝ ਲਿਆ ਹੈ, ਜਦੋਂ ਕਿ ਹਿੰਦੂ ਅਤੇ ਈਸਾਈ ਪਿੱਠਭੂਮੀ ਵਾਲੇ ਵਿਦਵਾਨ, ਇਸ ਘਟਨਾ ਨੂੰ ਸਮਝਣ ਤੋਂ ਅਸਮਰਥ ਰਹੇ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਨੀਤੀਆਂ ਦੇ ਦੂਰ-ਅੰਦਾਜ਼ ਪ੍ਰਭਾਵ ਪਏ। ਬਾਅਦ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਤ-ਸਿਪਾਹੀਆਂ ਦੇ ਇਸ ਮੱਤ ਨੂੰ ਸਦੀਵਤਾ ਪ੍ਰਦਾਨ ਕੀਤੀ। ਉਨ੍ਹਾਂ ਨੇ ਦਸਮ-ਪਿਤਾ ਲਈ ਪਲੇਟਫਾਰਮ ਮੁਹੱਈਆ ਕੀਤਾ।

ਆਧੁਨਿਕ ਸਮੇਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਪ੍ਰਚਾਰੇ ਮੀਰੀ-ਪੀਰੀ ਦੇ ਸਿਧਾਂਤ ਦਾ ਭਾਰੀ ਮਹੱਤਵ ਹੈ। ਧਰਮ ਨੇ ਜ਼ਿੰਦਾ ਰਹਿਣਾ ਹੈ ਤਾਂ ਜ਼ਰੂਰੀ ਹੈ ਕਿ ਧਰਮ, ਮਨੁੱਖੀ ਸਮੱਸਿਆਵਾਂ ਨੂੰ ਹੱਲ ਕਰੇ ਜਾਂ ਹੱਲ ਕਰਾਉਣ ਵਿਚ ਆਪਣਾ ਹਿੱਸਾ ਪਾਵੇ। ਮਾਲਾ ਫੇਰਨ ਤੱਕ ਰਹਿਣ ਵਾਲਾ ਧਰਮ ਆਪਣਾ ਭਵਿੱਖ ਗੰਵਾ ਲਵੇਗਾ।

ਧਰਮ ਮਨੁੱਖ ਦੀ ਅਧਿਆਤਮਕ ਉਨਤੀ ਦੇ ਨਾਲ-ਨਾਲ ਵਿਗਿਆਨ, ਟਕਨਾਲੋਜੀ, ਉਤਪਾਦਨ ਅਤੇ ਉਸ ਦੀ ਪਦਾਰਥਕ ਖੁਸ਼ਹਾਲੀ ਵਿਚ ਵਾਧਾ ਕਰੇ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਧਰਮ ਨੂੰ ਜ਼ਿੰਦਾ ਰੂਹਾਂ ਦਾ ਧਰਮ ਬਣਾ ਕੇ, ਸਿੱਖ-ਸੰਗਠਨ ਵਿਚ ਨਵਾਂ ਉਤਸ਼ਾਹ, ਨਵੀਆਂ ਆਸਾਂ ਅਤੇ ਮਰਨ ਦਾ ਚਾਓ ਭਰ ਦਿੱਤਾ। ਸਿੱਖ ਜੀਵਨ-ਜਾਂਚ ਵਿਚ ਮੀਰੀ-ਪੀਰੀ, ਭਗਤੀ-ਸ਼ਕਤੀ, ਦੇਗ਼-ਤੇਗ਼, ਸੰਤ-ਸਿਪਾਹੀ, ਲੋਕ-ਪਰਲੋਕ ਅਤੇ ਧਰਮ-ਰਾਜਨੀਤੀ ਵਿਚ ਸੁਮੇਲ ਅਤੇ ਸੰਤੁਲਨ ਕਰ ਦਿੱਤਾ।

ਇਸ ਅਦੁੱਤੀ ਸੁਮੇਲ ਤੇ ਸੰਤੁਲਨ ਵਾਲੇ ਸਿਧਾਂਤ ਕਰਕੇ, ਸਿੱਖ ਮੱਤ ਨੇ ਸੰਸਾਰ ਦੇ ਇਤਿਹਾਸ ਵਿਚ ਆਪਣੀ ਨਿਵੇਕਲੀ ਦਿੱਖ ਅਤੇ ਪਹਿਚਾਣ ਬਣਾ ਲਈ ਹੈ।

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਜੂਨ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ



● ***ਜਨਰਲ ਸਕੱਤਰ ਦੀ ਕਲਮ ਤੋਂ*.....**



**ਵਰਕਿੰਗ ਕਮੇਟੀ ਦੀ ਮੀਟਿੰਗ :-** ਮੈਨੇਜਮੈਂਟ ਦੀ ਪਹਿਲੀ ਵਰਕਿੰਗ ਕਮੇਟੀ ਦੀ ਮੀਟਿੰਗ ਮਿਤੀ-04-06-2017 ਨੂੰ ਬੜੀ ਸ਼ਾਂਤੀਪੂਰਵਕ ਅਤੇ ਸੁਚਾਰੂ ਢੰਗ ਨਾਲ ਹੋਈ। ਜਿਸ ਵਿਚ ਸਾਰੇ ਵਰਕਿੰਗ ਕਮੇਟੀ ਦੇ ਮੈਂਬਰਾਂ ਨੇ ਹਾਜਰੀ ਭਰ ਕੇ ਆਪਣੇ-ਆਪਣੇ ਵਿਚਾਰ ਸਾਂਝੇ ਕੀਤੇ ਅਤੇ ਭਵਨ ਦੇ ਕੰਮ ਨੂੰ ਸਹੀ ਤਰੀਕੇ ਨਾਲ ਚਲਾਉਣ ਲਈ ਕਿਹਾ।ਮੀਟਿੰਗ ਵਿਚ ਭਵਨ ਦੀ ਕਾਰਗੁਜਾਰੀ ਲਈ ਫੈਸਲੇ ਲਏ ਗਏ ਤੇ ਹਾਜ਼ਰ ਮੈਂਬਰਾਂ ਨੇ ਸਰਬਸੰਮਤੀ ਨਾਲ ਸਾਰੇ ਫੈਸਲਿਆਂ ਨੂੰ ਪ੍ਰਵਾਨ ਕੀਤਾ।

**ਸੰਤ ਪ੍ਰੇਮ ਸਿੰਘ ਜੀ ਦੀ ਬਰਸੀ ਮਨਾਈ ਗਈ :-** ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵਲੋਂ ਮਹਾਨ ਤਪੱਸਵੀ, ਕਰਮਯੋਗੀ, ਸੱਚਖੰਡ ਵਾਸੀ ਸੰਤ ਬਾਬਾ ਪ੍ਰੇਮ ਸਿੰਘ (ਮੁਰਾਲੇ ਵਾਲੇ) ਜੀ ਦੀ 67ਵੀਂ ਸਲਾਨਾ ਬਰਸੀ ਮਿਤੀ 17 ਜੂਨ 2017 ਦਿਨ ਸ਼ਨਿੱਚਰਵਾਰ ਨੂੰ ਬਹੁਤ ਹੀ ਸ਼ਰਧਾ ਨਾਲ ਚੰਡੀਗੜ੍ਹ, ਮੋਹਾਲੀ, ਪੰਚਕੂਲਾਂ, ਪੰਜਾਬ, ਹਰਿਆਣਾ ਦੀਆਂ ਸੰਗਤਾਂ ਨੇ ਮਿਲ ਕੇ ਲੁਬਾਣਾ ਭਵਨ, ਸੈਕਟਰ -30 ਏ, ਚੰਡੀਗੜ੍ਹ ਵਿਖੇ ਮਨਾਈ। ਜਿਸ ਵਿੱਚ ਲੋਕਲ ਅਤੇ ਦੂਰ ਨੇੜਿਓਂ ਆਈਆਂ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਹਾਜ਼ਰੀ ਭਰੀ। ਇਸ ਮੌਕੇ ਤੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਇੰਦਰਪਾਲ ਸਿੰਘ ਜੀ, ਚੰਡੀਗੜ੍ਹ ਵਾਲੇ ਅਤੇ ਭਾਈ ਦਵਿੰਦਰ ਸਿੰਘ ਜੀ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਗੁਰਦੀਪ ਸਿੰਘ ਜੀ ਕਥਾਵਾਚਕ ਕਪੂਰਥਲਾ ਵਾਲੇ ਨੇ ਸੰਤ ਪ੍ਰੇਮ ਸਿੰਘ ਜੀ ਦੇ ਜੀਵਨ ਸੰਬੰਧੀ ਵਿਖਿਆਨ ਕੀਤਾ। ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਸਿੱਖ ਕੌਮ ਨੂੰ ਉੱਪਰ ਚੁੱਕਣ ਲਈ ਧਰਮ ਪ੍ਰਚਾਰ, ਸਮਾਜ ਸੁਧਾਰ ਅਤੇ ਵਿੱਦਿਆ ਦਾਨ ਖੇਤਰ ਵਿੱਚ ਬਹੁਤ ਹੀ ਸੁੱਚੀ ਅਤੇ ਅਦੁੱਤੀ ਦੇਣ ਹੈ।

ਬੀਬੀ ਜਗੀਰ ਕੌਰ, ਸਾਬਕਾ ਪ੍ਰਧਾਨ, ਐਸ.ਜੀ.ਪੀ.ਸੀ., ਸਾਬਕਾ ਮੰਤਰੀ ਪੰਜਾਬ, ਮੁੱਖ ਸੇਵਾਦਾਰ ਡੇਰਾ ਸੰਤ ਪ੍ਰੇਮ ਸਿੰਘ ਬੇਗੋਵਾਲ ਨੇ

ਵਿਸ਼ੇਸ਼ ਤੌਰ 'ਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਜੀਵਨੀ ਤੇ ਚਾਨਣਾ ਪਾਇਆ ਅਤੇ ਸਾਰੀ ਲੁਬਾਣਾ ਕੌਮ ਨੂੰ ਉਨ੍ਹਾਂ ਦੇ ਪੂਰਨਿਆਂ ਅਤੇ ਦਰਸਾਏ ਮਾਰਗਾਂ ਤੇ ਚਲਣ ਲਈ ਪ੍ਰੇਰਿਤ ਕੀਤਾ। ਉੱਘੇ ਇਤਿਹਾਸਕਾਰ ਪ੍ਰੋਫੈਸਰ ਜਸਵੰਤ ਸਿੰਘ ਜੀ ਨੇ ਵੀ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਕੀਤੇ ਕਾਰਜਾਂ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ।

ਇਸ ਮੌਕੇ ਤੇ ਫਾਊਂਡੇਸ਼ਨ ਦੇ ਪ੍ਰਧਾਨ ਸ. ਜਗੀਰ ਸਿੰਘ ਲਾਲੀਆ, ਸ. ਭਗਤ ਸਿੰਘ, ਆਈ.ਏ.ਐਸ. (ਰਿਟਾ.), ਸਾਬਕਾ ਪ੍ਰਧਾਨ, ਸਰਦਾਰਨੀ ਹਰਪ੍ਰੀਤ ਕੌਰ ਪੇਲੀਆ, ਜਨਰਲ ਸਕੱਤਰ, ਸ. ਹਰਦਿਆਲ ਸਿੰਘ ਘੋਤੜਾ, ਵਿਤ ਸਕੱਤਰ, ਸ. ਬਲਵਿੰਦਰ ਸਿੰਘ ਮੁਲਤਾਨੀ, ਮੀਤ ਪ੍ਰਧਾਨ (ਹੈੱਡਕੁਆਰਟਰ), ਸ. ਗੁਲਸ਼ਨ ਕੁਮਾਰ ਸਿੰਘ, ਮੀਤ ਪ੍ਰਧਾਨ (ਹੈੱਡਕੁਆਰਟਰ), ਸ. ਨਿਰਮਲ ਸਿੰਘ, ਪ੍ਰਬੰਧਕ ਸਕੱਤਰ, ਸ. ਮਨਜੀਤ ਸਿੰਘ ਲੁਬਾਣਾ, ਕਾਰਜਕਾਰਨੀ ਮੈਂਬਰ, ਸ. ਸੁਖਿੰਦਰ ਸਿੰਘ ਪੇਲੀਆ, ਕਾਰਜਕਾਰਨੀ ਮੈਂਬਰ, ਸ. ਗੁਰਚਰਨ ਸਿੰਘ ਪਾਲੀਆ ਸਾਬਕਾ ਜਨਰਲ ਸਕੱਤਰ, ਜਲੰਧਰ ਤੋਂ ਸ. ਪ੍ਰੀਤਮ ਸਿੰਘ ਨਾਰੰਗਪੁਰ, ਸਾਬਕਾ ਪ੍ਰਧਾਨ, ਸ. ਮੋਹਿੰਦਰ ਸਿੰਘ ਡੀ.ਐਸ.ਪੀ., ਸੀਨੀਅਰ ਮੀਤ ਪ੍ਰਧਾਨ, ਸ. ਜਸਵਿੰਦਰ ਸਿੰਘ ਬਿੱਲਾ ਐਮ.ਸੀ., ਪ੍ਰਿੰਸੀਪਲ ਟਹਿਲ ਸਿੰਘ, ਮੀਤ ਪ੍ਰਧਾਨ, ਸ. ਪਰਮਿੰਦਰਜੀਤ ਸਿੰਘ, ਰਿਜ਼ਨਲ ਪ੍ਰਧਾਨ, ਸ. ਅਵਤਾਰ ਸਿੰਘ ਡੀ.ਐਸ.ਪੀ., ਸ. ਕਾਬਲ ਸਿੰਘ, ਸ. ਕਸ਼ਮੀਰ ਸਿੰਘ ਮੁਲਤਾਨੀ ਕਾਰਜਕਾਰਨੀ ਮੈਂਬਰ ਨੇ ਹਾਜ਼ਰੀ ਭਰੀ। ਸ. ਮੱਖਣ ਸਿੰਘ ਅੰਬਾਲਾ, ਪੇਹੋਵਾ ਤੋਂ ਸ. ਗੁਰਬਚਨ ਸਿੰਘ, ਸ. ਜਰਨੈਲ ਸਿੰਘ, ਸ. ਸੁਖਵਿੰਦਰ ਸਿੰਘ, ਸ. ਜਸਬੀਰ ਸਿੰਘ, ਸ. ਲਖਵਿੰਦਰ ਸਿੰਘ, ਸ. ਜਸਬੀਰ ਸਿੰਘ, ਸ. ਲਖਵਿੰਦਰ ਸਿੰਘ, ਸ. ਹਰਜੀਤ ਸਿੰਘ, ਸ. ਦਵਿੰਦਰ ਸਿੰਘ ਨੇ ਹਾਜ਼ਰੀ ਭਰੀ, ਸ. ਮੋਹਿੰਦਰਪਾਲ ਸਿੰਘ ਸਮੁੰਦਰੀ, ਸੀਨੀਅਰ ਮੀਤ ਪ੍ਰਧਾਨ, ਮਾਸਟਰ ਸੇਵਾ ਸਿੰਘ, ਰਿਜ਼ਨਲ ਪ੍ਰਧਾਨ, ਸ. ਸੁਖਵਿੰਦਰ ਸਿੰਘ ਬਿੱਲਾ, ਰਿਜ਼ਨਲ ਪ੍ਰਧਾਨ, ਮਨਜੀਤ ਕੌਰ ਖਾਲਸਾ, ਅਤੇ ਹੋਰ ਉੱਘੀਆਂ ਸਖਸ਼ੀਅਤਾਂ ਹਾਜ਼ਰ ਸਨ। ਸ. ਸੁਰਿੰਦਰ ਸਿੰਘ ਰੂਬੀ, ਈ.ਟੀ.ਓ. (ਰਿਟਾ.) ਨੇ ਸਟੇਜ਼ ਸਕੱਤਰ ਦੀ ਸੇਵਾ ਨਿਭਾਈ। ਅੰਤ ਵਿਚ ਫਾਊਂਡੇਸ਼ਨ ਦੇ ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਨੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਜੀਵਨੀ ਤੇ ਚਾਨਣਾ ਪਾਇਆ ਅਤੇ ਆਈਆਂ ਸੰਗਤਾਂ ਦਾ ਸਵਾਗਤ ਅਤੇ ਧੰਨਵਾਦ ਕੀਤਾ।

**ਵਿਦਾਇਗੀ ਪਾਰਟੀ** - ਭਵਨ ਵਿਖੇ ਕੰਮ ਕਰ ਰਹੇ ਕੇਅਰ ਟੇਕਰ ਸ. ਬਹਾਦੁਰ ਸਿੰਘ ਅਤੇ ਐਮਬੂਲੰਸ-ਕਮ-ਮੋਬਾਇਲ ਵੈੱਨ ਦੇ ਡਰਾਈਵਰ ਸ. ਗੁਰਨਾਮ ਸਿੰਘ ਨੂੰ ਨੌਕਰੀ ਛੱਡਣ ਉਪਰੰਤ ਭਵਨ ਦੀ ਮੈਨੇਜਮੈਂਟ ਵਲੋਂ ਵਿਦਾਇਗੀ ਪਾਰਟੀ ਦਿੱਤੀ ਗਈ। ਜਿਸ ਵਿਚ ਪ੍ਰਧਾਨ ਸ. ਜਗੀਰ ਸਿੰਘ ਲਾਲੀਆ, ਜਨਰਲ ਸਕੱਤਰ ਹਰਪ੍ਰੀਤ ਕੌਰ ਪੇਲੀਆ, ਸ. ਬਲਵਿੰਦਰ ਸਿੰਘ ਮੁਲਤਾਨੀ ਮੀਤ ਪ੍ਰਧਾਨ (ਹੈੱਡਕੁਆਰਟਰ), ਸ. ਮਨਜੀਤ ਸਿੰਘ ਲੁਬਾਣਾ, ਕਾਰਜਕਾਰਨੀ ਮੈਂਬਰ, ਸ. ਸੁਖਿੰਦਰ ਸਿੰਘ ਪੇਲੀਆ, ਕਾਰਜਕਾਰਨੀ ਮੈਂਬਰ ਅਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।



# GRANT OF MERIT, MERIT-CUM MEANS SCHOLARSHIP SCHEME 2017-2018

ਲੁਬਾਣਾ ਸੇਵਕ ਦੇ ਪਾਠਕਾਂ ਨੂੰ ਇਹ ਜਾਨ ਕੇ ਖੁਸ਼ੀ ਹੋਵੇਗੀ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ 30-ਏ ਚੰਡੀਗੜ੍ਹ ਵੱਲੋਂ ਮੈਰਿਟ, ਮੈਰਿਟ-ਕਮ-ਮੀਨਜ ਸ਼ਕਾਲਰਸ਼ਿਪ ਸਕੀਮ ਹੇਠਾਂ ਚੰਗੇ ਹੋਣਹਾਰ ਬੱਚਿਆਂ ਨੂੰ ਮੈਰੀਟੋਰੀਅਸ ਤੇ ਘੱਟ ਆਮਦਨ ਵਾਲੇ ਬੱਚਿਆਂ ਨੂੰ ਵਜ਼ੀਫੇ ਦੀ ਸਹੂਲਤ ਦਿੱਤੀ ਜਾਂਦੀ ਹੈ। ਹੋਣਹਾਰ ਤੇ ਲੋੜਵੰਦ ਵਿਦਿਆਰਥੀਆਂ ਲਈ ਫਾਊਂਡੇਸ਼ਨ ਵੱਲੋਂ ਇਹ ਬਹੁਤ ਵੱਡੀ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ। ਸਾਲ 2016-17 ਵਿਚ ਭਿੰਨ-ਭਿੰਨ ਸ਼੍ਰੇਣੀਆਂ ਦੇ ਵਿਦਿਆਰਥੀਆਂ ਤੋਂ ਫਾਰਮ ਪ੍ਰਾਪਤ ਹੋਏ ਅਤੇ ਇਹਨਾਂ ਫਾਰਮਾਂ ਦੇ ਅਧਾਰ ਤੇ ਵਿਦਿਆਰਥੀਆਂ ਨੂੰ ਵਜ਼ੀਫੇ ਵੰਡ ਦਿੱਤੇ ਗਏ। ਸਾਲ 2017-18, ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵਲੋਂ ਮੈਰਿਟ, ਮੈਰਿਟ-ਕਮ-ਮੀਨਜ ਸਕਾਲਰਸ਼ਿਪ ਸਕੀਮ ਹੇਠਾਂ ਚੰਗੇ ਹੋਣਹਾਰ ਬੱਚਿਆਂ ਨੂੰ ਮੈਰੀਟੋਰੀਅਸ ਤੇ ਘੱਟ ਆਮਦਨ ਵਾਲੇ ਬੱਚਿਆਂ ਨੂੰ ਵਜ਼ੀਫੇ ਦੇਣ ਲਈ ਫਾਰਮ ਮੰਗੇ ਜਾ ਰਹੇ ਹਨ। ਵਿਦਿਆਰਥੀ ਵਜ਼ੀਫੇ ਲਈ ਫਾਰਮ ਭਰ ਕੇ 30 ਸਤੰਬਰ 2017 ਤੱਕ ਮੈਨੇਜਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ 30-ਏ ਚੰਡੀਗੜ੍ਹ ਨੂੰ ਭੇਜ ਦੇਣ। ਇਸ ਸਕੀਮ ਹੇਠਾਂ ਦਿੱਤੇ ਜਾਣ ਵਾਲੇ ਭਿੰਨ-ਭਿੰਨ ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਸਾਲ 2017-18 ਦੌਰਾਨ ਦਿੱਤੇ ਜਾਣ ਵਾਲੇ ਮੈਰਿਟ-ਕਮ-ਮੀਨਜ ਸਕਾਲਰਸ਼ਿਪ ਸਕੀਮ ਲਈ ਫਾਰਮ ਲੁਬਾਣਾ ਸੇਵਕ ਵਿਚ ਛਾਪੇ ਜਾ ਰਹੇ ਹਨ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਮਿਤੀ-19-05-2017 ਨੂੰ ਹੋਈ ਕਾਰਜਕਾਰਨੀ ਕਮੇਟੀ ਵਿਚ ਪ੍ਰਧਾਨ ਜੀ ਨੂੰ ਕਮੇਟੀਆਂ ਗਠਨ ਕਰਨ ਦੇ ਅਧਿਕਾਰ ਦਿੱਤੇ ਗਏ ਸਨ। ਕਾਰਜਕਾਰਨੀ ਕਮੇਟੀ ਦੇ ਅਧਿਕਾਰ ਮੁਤਾਬਿਕ ਪ੍ਰਧਾਨ ਜੀ ਨੇ ਨਵੀਂ ਸਕਾਲਰਸ਼ਿਪ ਕਮੇਟੀ ਦਾ ਗਠਨ ਕੀਤਾ। ਮਿਤੀ-30-05-2017 ਨੂੰ ਸਕਾਲਰਸ਼ਿਪ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਸਕਾਲਰਸ਼ਿਪ ਨਿਯਮ, ਸਕਾਲਰਸ਼ਿਪ ਦੀ ਗਿਣਤੀ ਵਿਚ ਵਾਧਾ, ਸਕਾਲਰਸ਼ਿਪ ਰਕਮ ਵਿਚ ਵਾਧਾ ਅਤੇ ਹੋਰ ਸੋਧਾਂ ਕੀਤੀਆਂ ਗਈਆਂ। ਇਹ ਸਭ ਸੋਧਾਂ ਮਿਤੀ-04-06-2017 ਨੂੰ ਹੋਈ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਰੱਖੀਆਂ ਗਈਆਂ ਅਤੇ ਕੁਝ ਚਰਚਾ ਉਪਰੰਤ ਹਾਜ਼ਰ ਮੈਂਬਰਾਂ ਵਲੋਂ ਵਰਕਿੰਗ ਕਮੇਟੀ ਵਿਚ ਪਾਸ ਕੀਤੀਆਂ ਗਈਆ, ਜੋ ਇਸ ਪ੍ਰਕਾਰ ਹਨ :-

**ਸਕਾਲਰਸ਼ਿਪ ਨਿਯਮ :-**

1. ਸਕਾਲਰਸ਼ਿਪ ਨੌਂਵੀਂ ਜਮਾਤ ਤੋਂ ਦਿੱਤੇ ਜਾਣਗੇ ਜਿਸ ਵਿਚ ਅੱਠਵੀਂ ਜਮਾਤ ਦਾ ਬੋਰਡ ਸਰਟੀਫਿਕੇਟ ਜ਼ਰੂਰੀ ਹੋਵੇਗਾ।
2. ਵਿਦਿਆਰਥੀਆਂ ਦੇ ਪਾਸ ਅੰਕ 65% ਤੋਂ 75% ਕਰ ਦਿੱਤੇ ਗਏ ਹਨ। Rural ਵਿਦਿਆਰਥੀਆਂ ਲਈ 70% ਪਾਸ ਅੰਕ ਅਤੇ Urban ਵਿਦਿਆਰਥੀਆਂ ਲਈ 75% ਅੰਕ ਹੋਣੇ ਚਾਹੀਦੇ ਹਨ।
3. ਵਿਦਿਆਰਥੀਆਂ ਦੇ ਮਾਤਾ-ਪਿਤਾ ਦੀ ਸਲਾਨਾ ਆਮਦਨ 2.50 ਲੱਖ ਰੁਪਏ 3.00 ਲੱਖ ਕੀਤੀ ਗਈ ਹੈ।
4. ਸਕਾਲਰਸ਼ਿਪ ਦੀ ਗਿਣਤੀ ਵਿਚ ਵਾਧਾ ਕੀਤਾ ਗਿਆ ਹੈ ਜਿਵੇਂ ਕਿ Category D ਵਿਚ ਪਹਿਲਾ 5 ਵਿਦਆਰਥੀਆਂ ਨੂੰ ਸਕਾਲਰਸ਼ਿਪ ਦਿੱਤੇ ਜਾਂਦੇ ਸੀ ਹੁਣ 10 ਸਕਾਲਰਸ਼ਿਪ ਕਰ ਦਿੱਤੇ ਗਏ ਹਨ ਅਤੇ Category F ਵਿਚ 1 ਸਕਾਲਰਸ਼ਿਪ ਸੀ, ਜਿਸ ਦੀ ਗਿਣਤੀ 5 ਕਰ ਦਿੱਤੀ ਗਈ ਹੈ।
5. ਸਕਾਲਰਸ਼ਿਪ ਰਕਮ ਵਿਚ ਵੀ ਵਾਧਾ ਕੀਤਾ ਗਿਆ ਹੈ ਜਿਵੇਂ ਕਿ Category A ਵਿਚ 300 ਰੁਪਏ ਪ੍ਰਤੀ ਵਿਦਿਆਰਥੀ ਨੂੰ ਸਕਾਲਰਸ਼ਿਪ ਦਿੱਤਾ ਜਾਂਦਾ ਸੀ ਹੁਣ 500 ਰੁਪਏ ਪ੍ਰਤੀ ਵਿਦਿਆਰਥੀ ਕੀਤਾ ਗਿਆ ਹੈ ।

   Category B ਅਤੇ C ਵਿਚ 400 ਰੁਪਏ ਤੋਂ ਵਧਾ ਕੇ 500 ਰੁਪਏ ਕਰ ਦਿੱਤੇ ਗਏ ਹਨ।

   Category D ਵਿਚ 500 ਰੁਪਏ ਤੋਂ ਵਧਾ ਕੇ 1000 ਰੁਪਏ ਕਰ ਦਿੱਤੇ ਗਏ ਹਨ। Category E ਵਿਚ 1000 ਰੁਪਏ ਤੋਂ ਵਧਾ ਕੇ 1500 ਰੁਪਏ ਕਰ ਦਿੱਤੇ ਗਏ ਹਨ।
6. ਸਕਾਲਰਸ਼ਿਪ ਪਾਲਿਸੀ ਵਿਚੋਂ ਮੈਨੇਜਮੈਂਟ ਕੋਟੇ ਨੂੰ ਖਤਮ ਕਰ ਦਿੱਤਾ ਗਿਆ ਹੈ।
7. ਵਿਦਿਆਰਥੀਆਂ ਦੇ ਸਕਾਲਰਸ਼ਿਪ ਫਾਰਮ ਆਪਣੇ ਜ਼ਿਲ੍ਹੇ ਦੇ ਰਿਜ਼ਨਲ ਪ੍ਰਧਾਨ (ਫਾਊਂਡੇਸ਼ਨ) ਵਲੋਂ ਤਸਦੀਕ ਹੋ ਕੇ ਆਉਣੇ ਚਾਹੀਦੇ ਹਨ।
8. ਇਕ ਘਰ ਵਿਚ ਇਕ ਹੀ ਸਕਾਲਰਸ਼ਿਪ ਦਿੱਤਾ ਜਾਵੇਗਾ ਅਤੇ ਦੂਜੇ ਬੱਚੇ ਦੇ ਸਕਾਲਰਸ਼ਿਪ ਲਈ ਸਕਾਲਰਸ਼ਿਪ ਕਮੇਟੀ ਫੈਸਲਾ ਲਵੇਗੀ।

# 17-6-2017 ਨੂੰ ਭਵਨ ਵਿਖੇ ਮਨਾਏ ਗਏ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 67ਵੀਂ ਬਰਸੀ ਦੀਆਂ ਵੱਖ-ਵੱਖ ਝਲਕੀਆਂ



















# 17-6-2017 ਨੂੰ ਭਵਨ ਵਿਖੇ ਮਨਾਏ ਗਏ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 67ਵੀਂ ਬਰਸੀ ਦੀਆਂ ਵੱਖ-ਵੱਖ ਝਲਕੀਆਂ












# 17-6-2017 ਨੂੰ ਭਵਨ ਵਿਖੇ ਮਨਾਏ ਗਏ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 67ਵੀਂ ਬਰਸੀ ਦੀਆਂ ਵੱਖ-ਵੱਖ ਝਲਕੀਆਂ











# 17-6-2017 ਨੂੰ ਭਵਨ ਵਿਖੇ ਮਨਾਏ ਗਏ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 67ਵੀਂ ਬਰਸੀ ਦੀਆਂ ਵੱਖ-ਵੱਖ ਝਲਕੀਆਂ





ਮੈਟ੍ਰਿਕ ਪ੍ਰੀਖਿਆ ਵਿਚ ਚੰਗੇ ਨੰਬਰ ਪ੍ਰਾਪਤ ਕਰਨ ਤੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕਰਦੇ ਹੋਏ ਬੀਬੀ ਜਗੀਰ ਕੌਰ ਸਾਬਕਾ ਮੰਤਰੀ, ਪ੍ਰਧਾਨ ਸ. ਜਗੀਰ ਸਿੰਘ ਲਾਲੀਆ, ਸਾਬਕਾ ਪ੍ਰਧਾਨ ਸ. ਭਗਤ ਸਿੰਘ, ਸ. ਪ੍ਰੀਤਮ ਸਿੰਘ ਅਤੇ ਹੋਰ ਮੈਂਬਰ ਸਾਹਿਬਾਨ





ਪੰਜਾਬ ਅਤੇ ਹਰਿਆਣਾ ਦੀ ਸੰਗਤ ਦਾ ਸਵਾਗਤ ਕਰਦੇ ਹੋਏ ਪ੍ਰਧਾਨ ਅਤੇ ਹੋਰ ਮੈਂਬਰ



ਪੰਜਾਬ ਅਤੇ ਹਰਿਆਣਾ ਦੀ ਸੰਗਤ ਦਾ ਸਵਾਗਤ ਕਰਦੇ ਹੋਏ ਪ੍ਰਧਾਨ ਅਤੇ ਹੋਰ ਮੈਂਬਰ

# ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ 67ਵੀਂ ਬਰਸੀ ਦੇ ਸੰਬੰਧ ਵਿਚ ਕੀਰਤਨ ਸਮਾਗਮ ਅਤੇ ਨਾਮਬਾਣੀ ਦਾ ਪ੍ਰਵਾਹ ਚੱਲਿਆ

**ਜੋਗਿੰਦਰ ਸਿੰਘ ਅਜੈਬ**






**ਜੋਗਿੰਦਰ ਸਿੰਘ ਅਜੈਬ**
**ਆਊਟਲਾਈਨ ਐਡੀਟਰ**
98152-69145


ਬੇਗੋਵਾਲ ਵਿਖੇ 1, 2, 3 ਜੂਨ ਨੂੰ ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ 67ਵੀਂ ਬਰਸੀ ਦੇ ਸੰਬੰਧ ਵਿਚ ਡੇਰੇ ਦੀ ਮੁੱਖ ਸੇਵਾਦਾਰ ਬੀਬੀ ਜਗੀਰ ਕੌਰ ਦੀ ਅਗਵਾਈ ਅਤੇ ਇਲਾਕੇ ਦੇ ਲੋਕਾਂ ਵੱਲੋਂ ਵੱਡੇ ਸਮਾਗਮ ਕਰਵਾਏ ਗਏ। ਇਨ੍ਹਾਂ ਸਮਾਗਮਾਂ ਵਿਚ ਸੰਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ, ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਭਾਈ ਸਾਹਿਬ ਭਾਈ ਜਸਵੰਤ ਸਿੰਘ ਪਰਵਾਨਾ ਨੇ ਸੰਤਾਂ ਦੇ ਜੀਵਨ ਬਾਰੇ ਚਾਨਣਾ ਪਾਇਆ। ਇਨ੍ਹਾਂ ਸਮਾਗਮਾਂ ਵਿਚ ਭਾਈ ਬਲਜੀਤ ਸਿੰਘ, ਭਾਈ ਰਵਿੰਦਰ ਸਿੰਘ, ਭਾਈ ਸਤਿੰਦਰਬੀਰ ਸਿੰਘ, ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ ਜੀ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ।

ਇਸ ਤੋਂ ਪਹਿਲਾਂ ਲਗਭਗ 452 ਸ੍ਰੀ ਅਖੰਡ ਪਾਠ ਸਾਹਿਬਾਂ ਦੇ ਭੋਗ ਪਵਾਏ ਗਏ। ਸ਼ੁੱਧ ਬਾਣੀ ਉਚਾਰਨ ਲਈ ਕੈਂਪ ਲਗਾਏ ਗਏ। ਅੰਮ੍ਰਿਤ ਸੰਚਾਰ ਕੀਤਾ ਗਿਆ। ਇਸਤਰੀ ਸਿੱਖ ਸੰਮੇਲਨ ਕਰਵਾਇਆ ਗਿਆ।

3 ਜੂਨ ਨੂੰ ਸਿਆਸੀ ਕਾਨਫਰੰਸ ਹੋਈ, ਜਿਸ ਵਿਚ ਪੰਜਾਬ ਦੇ ਸਾਬਕਾ ਉੱਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਤੋਂ ਇਲਾਵਾ ਮਨਜੀਤ ਸਿੰਘ ਜੀ.ਕੇ., ਮਨਜਿੰਦਰ ਸਿੰਘ ਸਿਰਸਾ, ਬਿਕਰਮ ਸਿੰਘ ਮਜੀਠੀਆ, ਬੀਬੀ ਮਹਿੰਦਰ ਕੌਰ ਜੋਸ਼, ਯੁਵਰਾਜ ਭੁਪਿੰਦਰ ਸਿੰਘ, ਸਵਰਨ ਸਿੰਘ ਜੋਸ਼, ਪਵਨ ਕੁਮਾਰ ਟੀਨੂੰ, ਲਖਵਿੰਦਰ ਸਿੰਘ ਲੱਖੀ ਟਾਂਡਾ ਅਤੇ ਇਲਾਕੇ ਦੇ ਜਥੇਦਾਰ, ਪੰਚ-ਸਰਪੰਚ, ਕਮੇਟੀਆਂ ਦੇ ਮੈਂਬਰਾਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਸਾਰੇ ਕਮੇਟੀ ਮੈਂਬਰਾਂ ਦੇ ਸਹਿਯੋਗ ਨਾਲ ਸੰਤਾਂ ਦੀ 67ਵੀਂ ਬਰਸੀ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਈ ਗਈ।

ਗੁਰਦੁਆਰਾ ਸਿੰਘ ਸਭਾ ਗੋਲਡਨ ਐਵਨਿਊ ਮਕਸੂਦਾਂ ਜਲੰਧਰ ਅਤੇ ਗੁਰਦੁਆਰਾ ਦੂਖ ਨਿਵਾਰਨ ਮਾਸਟਰ ਕਲੋਨੀ ਜਿੰਦਾ ਰੋਡ ਜਲੰਧਰ ਵਿਖੇ ਵੀ ਸੰਤਾਂ ਦੀ ਬਰਸੀ ਸਬੰਧੀ ਸਮਾਗਮ ਕਰਵਾਏ ਗਏ ਅਤੇ ਮੈਡੀਕਲ ਕੈਂਪ ਵੀ ਲਗਾਏ ਗਏ।



# ਸ਼ੋਕ ਸਮਾਚਾਰ



ਪਿਛਲੇ ਦਿਨੀਂ ਮਾਤਾ ਸਿਮਰ ਕੌਰ ਲਗਭਗ 80 ਸਾਲ ਦੀ ਉਮਰ ਭੋਗ ਕੇ ਇਸ ਫਾਨੀ ਸੰਸਾਰ ਤੋਂ ਹਮੇਸ਼ਾ ਲਈ ਚਲੇ ਗਏ। ਮਾਤਾ ਜੀ ਬਹੁਤ ਹੀ ਧਾਰਮਿਕ ਵਿਚਾਰਾਂ ਵਾਲੇ, ਸੱਚੇ-ਸੁੱਚੇ ਅਤੇ ਸਬਰ ਸੰਤੋਖ ਵਾਲੇ ਇਨਸਾਨ ਸਨ। ਉਨ੍ਹਾਂ ਦੀ ਸ਼ਾਦੀ ਸ. ਜਸਵੰਤ ਸਿੰਘ ਨਾਲ ਬੇਗੋਵਾਲ ਵਿਖੇ ਹੋਈ, ਜੋ ਕਿ ਮਾਸਟਰ ਲਹਿਣਾ ਸਿੰਘ ਅਤੇ ਮਾਤਾ ਤੇਜ ਕੌਰ ਦੇ ਸਪੁੱਤਰ ਹਨ। ਮਾਤਾ ਜੀ ਆਪਣੇ ਪਿੱਛੇ ਬਹੁਤ ਹੀ ਹਸਦਾ-ਵਸਦਾ ਇਕ ਸੁਖੀ ਪਰਿਵਾਰ ਛੱਡ ਕੇ ਗਏ ਹਨ। ਇਨ੍ਹਾਂ ਦੇ ਤਿੰਨ ਸਪੁੱਤਰ ਸ. ਕਰਨੈਲ ਸਿੰਘ, ਸ. ਬਲਵਿੰਦਰ ਸਿੰਘ ਅਤੇ ਸ. ਜਸਵਿੰਦਰ ਸਿੰਘ ਹਨ ਅਤੇ ਇਕ ਬੇਟੀ ਬਲਵਿੰਦਰ ਕੌਰ ਜੋ ਕਿ ਸ. ਗੁਰਮੀਤ ਸਿੰਘ ਜੀ ਦੀ ਧਰਮ ਪਤਨੀ ਹਨ। ਸਾਰੇ ਹੀ ਵਿਦੇਸ਼ਾਂ ਵਿਚ ਸੈਟਲ ਹਨ ਅਤੇ ਇਨ੍ਹਾਂ ਦਾ ਬੇਗੋਵਾਲ ਵਿਚ ਬਹੁਤ ਹੀ ਸ਼ਾਨਦਾਰ ਇਟਾਲੀਅਨ ਕੰਪਲੈਕਸ ਚੱਲ ਰਿਹਾ ਹੈ। ਮਾਤਾ ਜੀ ਦੀ ਅੰਤਿਮ ਅਰਦਾਸ ਵਿਚ ਬੀਬੀ ਜਗੀਰ ਕੌਰ ਜੀ ਮੁੱਖ ਸੇਵਾਦਾਰ, ਪ੍ਰੀਤਮ ਸਿੰਘ ਨਾਰੰਗਪੁਰ, ਜਸਵਿੰਦਰ ਸਿੰਘ ਬਿੱਲਾ ਕੌਂਸਲਰ, ਸੁਖਵਿੰਦਰ ਸਿੰਘ ਬਿੱਲਾ ਕੌਂਸਲਰ, ਪ੍ਰਿੰ. ਟਹਿਲ ਸਿੰਘ, ਡੀ.ਐਸ.ਪੀ. ਮਹਿੰਦਰ ਸਿੰਘ, ਡੀ.ਐਸ.ਪੀ. ਅਵਤਾਰ ਸਿੰਘ, ਗੁਰਮੇਲ ਸਿੰਘ ਮੁਲਤਾਨੀ, ਸ. ਕਸ਼ਮੀਰ ਸਿੰਘ, ਇਲਾਕੇ ਦੇ ਪੰਚ-ਸਰਪੰਚ, ਜਥੇਦਾਰ ਅਤੇ ਹੋਰ ਰਿਸ਼ਤੇਦਾਰ ਅਤੇ ਸੱਜਣ-ਮਿੱਤਰ ਸ਼ਾਮਲ ਹੋਏ। ਸਾਡੀ ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਗੁਰੂ ਮਹਾਰਾਜ ਮਾਤਾ ਸਿਮਰ ਕੌਰ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

* * * * *



ਪਿਛਲੇ ਦਿਨੀਂ ਸ. ਜਰਨੈਲ ਸਿੰਘ ਲਤੀਫਪੁਰ ਲਗਭਗ 58 ਸਾਲ ਦੀ ਉਮਰ ਭੋਗ ਕੇ ਸੰਖੇਪ ਜਿਹੀ ਬਿਮਾਰੀ ਉਪਰੰਤ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਨ੍ਹਾਂ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਲਤੀਫਪੁਰ ਵਿਖੇ ਕੀਤਾ ਗਿਆ। ਜਿਸ ਵਿਚ ਇਲਾਕੇ ਦੇ ਬਹੁਤ ਵੱਡੇ ਇਕੱਠ ਨੇ ਉਨ੍ਹਾਂ ਦੀ ਅੰਤਿਮ ਯਾਤਰਾ ਵਿਚ ਹਿੱਸਾ ਲਿਆ। ਸ. ਜਰਨੈਲ ਸਿੰਘ ਬਹੁਤ ਹੀ ਨੇਕ ਦਿਲ, ਸੱਚੇ-ਸੁੱਚੇ ਅਤੇ ਇਨਾਮਦਾਰ ਇਨਸਾਨ ਵਜੋਂ ਇਲਾਕੇ ਵਿਚ ਜਾਣੇ ਜਾਂਦੇ ਸਨ ਅਤੇ ਉਹ ਬਹੁਤ ਹੀ ਧਾਰਮਿਕ ਸ਼ਖ਼ਸ਼ੀਅਤ ਦੇ ਮਾਲਕ ਸਨ। ਆਪ ਜੀ ਨੇ ਪਹਿਲਾਂ ਸਰਕਾਰੀ ਨੌਕਰੀ ਕੀਤੀ ਅਤੇ ਬਾਅਦ ਵਿਚ ਮੁਕੇਰੀਆਂ ਆਪਣਾ ਪ੍ਰਾਈਵੇਟ ਕਾਰੋਬਾਰ ਕਰਦੇ ਰਹੇ। ਆਪ ਜੀ ਦੀ ਸ਼ਾਦੀ ਸ੍ਰੀਮਤੀ ਗੁਰਮੀਤ ਕੌਰ ਨਾਲ ਹੋਈ, ਜੋ ਕਿ ਇਕ ਅਧਿਆਪਕ ਹਨ। ਆਪ ਜੀ ਦੇ ਦੋ ਸਪੁੱਤਰ ਸ. ਕੁਲਵਿੰਦਰ ਸਿੰਘ ਅਤੇ ਸ. ਦਵਿੰਦਰਪਾਲ ਸਿੰਘ ਜੋ ਕਿ ਆਸਟ੍ਰੇਲੀਆ ਵਿਚ ਆਪਣੇ ਪਰਿਵਾਰਾਂ ਸਮੇਤ ਸੈਟਲ ਹਨ। ਆਪ ਜੀ ਦੀ ਅੰਤਿਮ ਅਰਦਾਸ ਮੌਕੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਗਿ. ਕੇਵਲ ਸਿੰਘ ਸਾਬਕਾ ਜਥੇਦਾਰ, ਸੁਰਜੀਤ ਸਿੰਘ ਭੱਟੀਆਂ, ਬੀਬੀ ਹਰਮੀਤ ਕੌਰ, ਰਣਜੋਧ ਸਿੰਘ ਕੁੱਕੂ, ਮਾ. ਰਮੇਸ਼ ਲਾਲ, ਕਰਨੈਲ ਸਿੰਘ ਦਸੂਹਾ, ਸਤਨਾਮ ਸਿੰਘ ਧਨੋਆ, ਮਨਜੀਤ ਸਿੰਘ ਦਸੂਹਾ, ਅਮਰੀਕ ਸਿੰਘ ਲਤੀਫਪੁਰ, ਪ੍ਰਿੰ. ਸਤਵਿੰਦਰ ਸਿੰਘ, ਜੋਗਿੰਦਰ ਸਿੰਘ ਅਜੈਬ, ਜਥੇਦਾਰ ਮੰਝਪੁਰ, ਉਨ੍ਹਾਂ ਦੇ ਸਕੂਲ ਦੇ ਅਧਿਆਪਕ, ਇਲਾਕੇ ਦੇ ਪਤਵੰਤੇ ਸੱਜਣ ਅਤੇ ਸਾਕ-ਸੰਬੰਧੀ ਹਾਜ਼ਰ ਸਨ। ਸਾਡੀ ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਗੁਰੂ ਮਹਾਰਾਜ ਸ. ਜਰਨੈਲ ਸਿੰਘ ਜੀ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਸਮੂਹ ਘੋਤੜਾ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

**- ਜੋਗਿੰਦਰ ਸਿੰਘ ਅਜੈਬ**

**ਭਖਦੇ ਮਸਲੇ**

# ਨਵੇਂ ਲਾਗੂ ਹੋ ਰਹੇ ਕਰ ਕਾਨੂੰਨ ਜੀ.ਐਸ.ਟੀ. ਦੇ ਨਫ਼ੇ ਨੁਕਸਾਨ




ਦੇਸ਼ ਦੀ ਅਜ਼ਾਦੀ ਤੋਂ ਬਾਅਦ ਦੇਸ਼ ਅਤੇ ਰਾਜਾਂ ਦੀ ਆਰਥਿਕਤਾ ਨੂੰ ਲੀਹ ਤੇ ਰੱਖਣ ਲਈ ਦੇਸ਼ ਵਾਸੀਆਂ ਤੋਂ ਉਗਰਾਹੇ ਜਾਣ ਵਾਲੇ ਟੈਕਸਾਂ ਵਿਚ ਕੇਂਦਰ ਲਈ ਕੇਂਦਰੀ ਵਿਕਰੀ ਕਰ ਐਕਟ 1950 ਅਤੇ ਰਾਜਾਂ ਲਈ ਆਪਣੇ ਪੱਧਰ ਤੇ ਰਾਜ ਵਿਕਰੀ ਕਰ ਕਾਨੂੰਨ ਬਣਾ ਕੇ ਸਾਰੇ ਰਾਜਾਂ ਵੱਲੋਂ ਲਾਗੂ ਕੀਤੇ ਗਏ ਸਨ। ਜਿਸ ਵਿਚ ਪੰਜਾਬ ਵਿਚ ਪੰਜਾਬ ਵਿਕਰੀ ਕਰ ਕਾਨੂੰਨ 1948 ਲਾਗੂ ਕੀਤਾ ਗਿਆ ਸੀ। ਇਸ ਐਕਟ ਅਧੀਨ ਦੇਸ਼ ਅਤੇ ਰਾਜ ਵਿਚ ਵਿਕਦੀਆਂ ਚੀਜ਼ਾਂ ਤੇ ਵਿਕਰੀ ਕਰ ਲੱਗਦਾ ਸੀ। ਪੰਜਾਬ ਵਿਕਰੀ ਕਰ ਨਿਯਮ 1949 ਅਧੀਨ ਇਸ ਕਾਨੂੰਨ ਦਾ ਸੰਚਾਲਨ ਹੁੰਦਾ ਸੀ। ਇਹ ਤਰੀਕਾ ਹੀ ਅੰਤਰਰਾਸ਼ਟਰੀ ਪੱਧਰ ਤੇ ਕਾਫੀ ਸਾਲ ਜ਼ਿਆਦਾ ਦੇਸ਼ਾਂ ਵਿਚ ਵਰਤਿਆ ਜਾਂਦਾ ਰਿਹਾ। ਇਸ ਪ੍ਰਣਾਲੀ ਵਿਚ ਬਹੁਤ ਖਾਮੀਆਂ ਸਨ। ਕਈ ਦੇਸ਼ਾਂ ਨੇ ਇਹਨਾਂ ਖਾਮੀਆਂ ਨੂੰ ਦੂਰ ਕਰਨ ਹਿੱਤ ਵੈਲਿਓ ਐਡਿਡ ਟੈਕਸ (ਵੈਟ) ਪ੍ਰਣਾਲੀ ਨੂੰ ਅਪਣਾ ਲਿਆ। ਭਾਰਤ ਦੇਸ਼ ਦੇ ਟੈਕਸ ਮਾਹਿਰਾਂ ਅਤੇ ਆਰਥਿਕ ਮਾਹਿਰਾਂ ਨੇ ਵੀ ਮਹਿਸੂਸ ਕੀਤਾ ਕਿ ਲਾਗੂ ਪ੍ਰਣਾਲੀ ਨਾਲੋਂ ਬਹੁਤੇ ਹੋਰ ਦੇਸ਼ਾਂ ਵਿਚ ਅਪਨਾਈ ਜਾ ਰਹੀ ਵੈਟ ਪ੍ਰਣਾਲੀ ਇਕ ਸਰਲ ਪ੍ਰਣਾਲੀ ਹੈ ਅਤੇ ਇਸ ਵਿਚ ਟੈਕਸ ਚੋਰੀ ਦੀਆਂ ਸੰਭਾਵਨਾਵਾਂ ਘੱਟ ਅਤੇ ਟੈਕਸ ਉਗਰਾਹੀ ਦਾ ਚੋਖਾ ਵਾਧਾ ਪ੍ਰਾਪਤ ਕੀਤਾ ਜਾ ਸਕਦਾ ਹੈ। 1991 ਦੇ ਵਿੱਤੀ ਸੁਧਾਰਾਂ ਦੀ ਰੋਸ਼ਨੀ ਵਿਚ ਵੈਟ ਪ੍ਰਣਾਲੀ ਨੂੰ ਅਪਨਾਉਣ ਲਈ ਸੰਭਾਵਨਾਵਾਂ ਖੋਜਣ ਤੇ ਕੰਮ ਸ਼ੁਰੂ ਹੋ ਗਿਆ ਅਤੇ ਅੰਤ ਅਪ੍ਰੈਲ 2005 ਤੋਂ ਦੇਸ਼ ਵਿਚ ਵੈਟ ਟੈਕਸ ਪ੍ਰਣਾਲੀ ਨੂੰ ਲਾਗੂ ਕਰ ਦਿੱਤਾ ਗਿਆ। ਜਿਸ ਵਿਚ ਵਿਕਰੀ ਦੇ ਹਰ ਪੱਧਰ ਤੇ ਟੈਕਸ ਲੱਗਣ ਲੱਗਾ। ਪਹਿਲੀ ਵਿਕਰੀ ਤੇ ਪੂਰੀ ਕੀਮਤ ਉੱਤੇ ਅਤੇ ਹਰ ਅਗਲੀ ਵਿਕਰੀ ਤੇ ਵਪਾਰੀ ਵੱਲੋਂ ਵਸਤੂ ਦੀ ਕੀਮਤ ਵਿਚ ਆਪਣੇ ਖਰਚਿਆਂ ਅਤੇ ਲਾਭ ਨੂੰ ਜੋੜ ਕੇ ਪ੍ਰਾਪਤ ਕੀਤੀ ਵਾਧੂ ਕੀਮਤ ਤੇ ਟੈਕਸ ਲੱਗਣ ਲੱਗਾ। ਵਪਾਰੀ ਨੂੰ ਆਪਣੀ ਖਰੀਦ ਤੇ ਦਿੱਤੇ ਟੈਕਸ ਦੀ ਵਾਪਸੀ ਦੀ ਸਹੂਲਤ ਦਿੱਤੀ ਗਈ। ਅੰਤਰਰਾਸ਼ਟਰੀ ਪੱਧਰ ਤੇ ਕਰ ਪ੍ਰਣਾਲੀ ਵਿਚ ਹੋਏ ਹੋਰ ਸੁਧਾਰਾਂ ਦੇ ਕਾਰਨ, ਟੈਕਸ ਪ੍ਰਣਾਲੀ ਨੂੰ ਬਹੁਤੇ ਦੇਸ਼ਾਂ ਨੇ ਤਰਕ ਸੰਗਤ ਕਰਨ ਲਈ ਵੱਖ-ਵੱਖ ਕਦਮ ਉਠਾਏ, ਜਿਨ੍ਹਾਂ ਵਿਚ ਵੱਖ-ਵੱਖ ਪੱਧਰ ਤੇ ਇਕ ਹੀ ਵਸਤੂ ਤੇ ਕਈ ਤਰ੍ਹਾਂ ਦੇ ਲੱਗਦੇ ਟੈਕਸਾਂ ਨੂੰ ਖਤਮ ਕਰਨਾ ਸੀ, ਹੌਲੀ-ਹੌਲੀ ਇਸ ਕਾਰਵਾਈ ਤੇ ਅਮਲ ਕਰਨਾ ਸ਼ੁਰੂ ਹੋ ਗਿਆ। ਭਾਰਤ ਵਿਚ ਵੀ ਵਸਤਾਂ ਤੇ ਸਿੱਧੇ ਤੇ ਅਸਿੱਧੇ ਲੱਗਣ ਵਾਲੇ ਕਰਾਂ ਦੀ ਗਿਣਤੀ ਲਗਭਗ 17 ਸੀ। ਭਾਵ ਕਈ ਵਸਤਾਂ ਤੇ ਉਪਭੋਗਤਾ ਕੋਲ ਪਹੁੰਚਣ ਤੱਕ ਕਈ ਤਰ੍ਹਾਂ ਦੇ ਵੱਖ-ਵੱਖ ਟੈਕਸ ਲੱਗ ਜਾਂਦੇ ਸਨ। ਇਹਨਾਂ ਵਿਚ ਵਸਤਾਂ ਬਨਾਉਣ ਵਾਲਿਆਂ ਅਤੇ ਵੇਚਣ ਵਾਲਿਆਂ ਨੂੰ ਤਾਂ ਪਹਿਲੇ ਦਿੱਤੇ ਟੈਕਸਾਂ ਦੀ ਰਕਮ ਵਾਪਸੀ ਰਿਫੰਡ ਮਿਲ ਜਾਂਦੀ ਸੀ। ਪ੍ਰੰਤੂ ਉਪਭੋਗਤਾ ਤੱਕ ਪਹੁੰਚਦਿਆਂ ਉਹ ਸਾਰੇ ਕਰ ਵਸਤੂ ਦੀ ਕੀਮਤ ਵਿਚ ਜੁੜ ਜਾਂਦੇ ਸਨ ਜਿਸ ਕਾਰਨ ਉਹ ਵਸਤੂ ਉਪਭੋਗਤਾ ਨੂੰ ਮਹਿੰਗੀ ਮਿਲਦੀ ਸੀ। ਇਹਨਾਂ ਵਿਚ ਕੇਂਦਰੀ ਆਬਕਾਰੀ ਡਿਊਟੀ, ਵੈਟ ਅਤੇ ਸੇਵਾ ਕਰ ਪ੍ਰਮੁੱਖ ਸਨ। ਇਹ ਕਰ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਵੱਖ-ਵੱਖ ਤੌਰ 'ਤੇ ਲਗਾਏ ਜਾਂਦੇ ਸਨ। ਕਿਸੇ ਇਕ ਵਸਤੂ ਤੇ ਹੀ ਕੇਂਦਰੀ ਆਬਕਾਰੀ ਡਿਊਟੀ, ਸੇਵਾ ਕਰ, ਵੈਟ ਅਤੇ ਰਾਜਾਂ ਦੇ ਆਪਣੇ ਕਈ ਹੋਰ ਕਰ ਅਤੇ ਸੈਸ ਫੀਸ ਵਗੈਰਾ ਲੱਗਣ ਨਾਲ ਦੋਹਰੇ, ਤੀਹਰੇ ਜਾਂ ਇਸ ਤੋਂ ਵੱਧ ਦੇ ਕਰਾਂ ਦੀ ਵੀ ਮਾਰ ਵਪਾਰੀ ਅਤੇ ਉਪਭੋਗਤਾ ਨੂੰ ਪੈਂਦੀ ਸੀ। ਦੇਸ਼ ਦੀ ਸਰਕਾਰ ਨੇ ਇਸ ਸਮੱਸਿਆ ਦਾ ਹੱਲ ਵਸਤੂ ਅਤੇ ਸੇਵਾ ਕਰ (Goods & Service Tax) ਯਾਨੀ ਕਿ ਜੀ.ਐਸ.ਟੀ. ਪ੍ਰਣਾਲੀ ਅਪਨਾਉਣ ਦਾ ਫੈਸਲਾ ਕਰ ਕੇ ਲੱਭਿਆ ਹੈ।

**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**



**ਕੀ ਹੈ ਜੀ.ਐਸ.ਟੀ.** - ਸਰਕਾਰਾਂ ਵੱਲੋਂ ਦੇਸ਼ ਅਤੇ ਰਾਜਾਂ ਦੀ ਆਮਦਨ ਵਧਾਉਣ ਲਈ ਵੱਖ-ਵੱਖ ਮੱਦਾਂ ਅਧੀਨ ਵੱਖ-ਵੱਖ ਤਰ੍ਹਾਂ ਦੇ ਟੈਕਸ ਲਗਾਏ ਜਾਂਦੇ ਹਨ। ਮੌਜੂਦਾ ਸਮੇਂ ਵਿਚ ਇਨ੍ਹਾਂ ਵਿਚੋਂ ਕੁਝ ਕਰ ਕੇਂਦਰ ਸਰਕਾਰ ਵੱਲੋਂ ਅਤੇ ਕਈ ਰਾਜ ਸਰਕਾਰਾਂ ਵੱਲੋਂ ਲੱਗਦੇ ਸਨ। ਭਾਵ ਕਿ ਇਹਨਾਂ ਲੱਗਣ ਵਾਲੇ ਟੈਕਸਾਂ ਦੀ ਗਿਣਤੀ ਕਾਫੀ ਸੀ ਅਤੇ ਵੱਖ-ਵੱਖ ਤਰ੍ਹਾਂ ਦੇ ਲੱਗਣ ਵਾਲੇ

ਟੈਕਸਾਂ ਕਾਰਨ ਕੁੱਲ ਟੈਕਸ ਦੀ ਰਕਮ ਬਹੁਤ ਜ਼ਿਆਦਾ ਬਣ ਜਾਂਦੀ ਸੀ। ਉਦਾਹਰਣ ਦੇ ਤੌਰ 'ਤੇ ਕੋਈ ਇਕ ਅਜਿਹੀ ਵਸਤੂ ਜਿਸ ਉੱਪਰ ਕੇਂਦਰੀ ਆਬਕਾਰੀ ਡਿਊਟੀ (14%), ਸਰਵਿਸ ਟੈਕਸ (14%) ਅਤੇ ਰਾਜ ਦਾ ਵੈਟ (14.30%) ਲੱਗਦਾ ਸੀ ਤਾਂ ਜੇਕਰ ਇਸ 'ਤੇ ਕੋਈ ਹੋਰ ਟੈਕਸ ਨਾਂ ਵੀ ਲੱਗੇ ਤਾਂ ਕੁਲ ਟੈਕਸ 42.30% ਤੱਕ ਹੋ ਜਾਂਦਾ ਸੀ। ਨਵੀਂ ਜੀ.ਐਸ.ਟੀ. ਪ੍ਰਣਾਲੀ ਵਿਚ ਕੁੱਲ ਵਸਤਾਂ ਨੂੰ ਟੈਕਸ ਸਲੈਬ ਦੇ ਹਿਸਾਬ ਨਾਲ ਮੁੱਖ ਤੌਰ 'ਤੇ ਪੰਜ ਸ਼੍ਰੇਣੀਆਂ ਵਿਚ ਰੱਖਿਆ ਹੈ। ਜਿਨ੍ਹਾਂ 'ਤੇ 0%, 5%, 12%, 18% ਅਤੇ 28% ਦੀ ਦਰ ਨਾਲ ਟੈਕਸ ਲਾਉਣ ਦੀ ਤਜਵੀਜ ਰੱਖੀ ਗਈ ਹੈ। 0% ਟੈਕਸ ਦੀਆਂ ਵਸਤਾਂ ਤੋਂ ਬਾਅਦ ਘੱਟੋ ਘੱਟ 5% ਅਤੇ ਵੱਧ ਤੋਂ ਵੱਧ 28% ਟੈਕਸ ਸਲੈਬ ਰੱਖੀ ਗਈ ਹੈ। ਇਸ ਤੋਂ ਭਾਵ ਕਿ ਉੱਪਰ ਉਦਾਹਰਣ ਵਿਚ ਲਈ ਗਈ ਵਸਤੂ ਜਿਸ ਤੇ 42.30% ਤੱਕ ਟੈਕਸ ਲੱਗ ਜਾਂਦਾ ਸੀ ਹੁਣ ਸਿਰਫ਼ 28% ਟੈਕਸ ਦੀ ਸਲੈਬ ਵਿਚ ਆ ਜਾਵੇਗੀ ਅਤੇ ਇਸ ਤੋਂ ਵੱਧ ਉਸ ਤੇ ਹੋਰ ਕੋਈ ਟੈਕਸ ਨਹੀਂ ਲਿਆ ਜਾਵੇਗਾ। ਜਿਨ੍ਹਾਂ ਵਸਤਾਂ ਤੇ ਪਹਿਲਾ ਆਬਕਾਰੀ ਡਿਊਟੀ ਅਤੇ ਸੇਵਾ ਕਰ ਨਹੀਂ ਲੱਗਦਾ ਸੀ, ਉਨ੍ਹਾਂ ਤੇ ਲੱਗਣ ਵਾਲੇ ਕਰਾਂ ਦੀਆਂ ਦਰਾਂ ਦੇ ਹਿਸਾਬ ਨਾਲ ਹੀ ਉਨ੍ਹਾਂ ਨੂੰ 5%, 12% ਅਤੇ 18% ਦੀ ਦਰ ਵਿਚ ਰੱਖਿਆ ਗਿਆ ਹੈ। ਇਸ ਵਿਚ ਸਭ ਤੋਂ ਮਹੱਤਵਪੂਰਨ ਮੱਦ ਇਹ ਹੈ ਕਿ ਜੀ.ਐਸ.ਟੀ. ਤੋਂ ਇਲਾਵਾ ਕੋਈ ਵੀ ਸੂਬਾ ਸਰਕਾਰ ਕਿਸੇ ਪ੍ਰਕਾਰ ਦਾ ਹੋਰ ਟੈਕਸ ਜਾਂ ਸੈਸ ਆਪਣੇ ਪੱਧਰ 'ਤੇ ਨਹੀਂ ਲਗਾ ਸਕੇਗੀ। ਅਨਾਜ ਨੂੰ ਕਰ ਦੇ ਘੇਰੇ ਵਿਚੋਂ ਬਾਹਰ ਰੱਖਿਆ ਗਿਆ ਹੈ। ਭਾਵ ਕਿ ਅਨਾਜ 'ਤੇ ਕੋਈ ਟੈਕਸ ਨਹੀਂ ਲੱਗੇਗਾ। ਵਿਦੇਸ਼ਾਂ ਵਿਚ ਮਾਲ ਵੇਚਣ ਜਾਂ ਸੇਵਾ ਦੇਣ ਤੇ ਕੋਈ ਵੀ ਟੈਕਸ ਨਹੀਂ ਲੱਗੇਗਾ। ਸ਼ਰਾਬ, ਕੱਚਾ ਤੇਲ, ਹਵਾਈ ਟਰਬਾਈਨ, ਕੁਦਰਤੀ ਗੈਸ, ਹਾਈ ਸਪੀਡ ਡੀਜ਼ਲ, ਪੈਟਰੋਲ ਤੇ ਹਾਲ ਦੀ ਘੜੀ ਜੀ.ਐਸ.ਟੀ. ਨਹੀਂ ਲਗਾਇਆ ਗਿਆ। ਇਹਨਾਂ ਵਸਤਾਂ ਤੇ ਅਜੇ ਪੁਰਾਣੇ ਰੇਟਾਂ ਤੇ ਹੀ ਕਰ ਲੱਗਣਗੇ। ਕੱਪੜੇ ਅਤੇ ਕੀਟਨਾਸ਼ਕ ਜੋ ਪਹਿਲੇ ਕਰ ਮੁਕਤ ਸਨ ਉਨ੍ਹਾਂ 'ਤੇ ਟੈਕਸ ਲਗਾ ਦਿੱਤਾ ਗਿਆ ਹੈ। ਪ੍ਰੰਤੂ ਇਨ੍ਹਾਂ ਤੇ ਲੱਗਣ ਵਾਲੇ ਕੇਂਦਰੀ ਆਬਕਾਰੀ ਡਿਊਟੀ ਨੂੰ ਹਟਾ ਕੇ ਨਵਾਂ ਟੈਕਸ ਉਸ ਤੋਂ ਘੱਟ ਰੱਖਿਆ ਗਿਆ ਹੈ।

ਵੈਟ ਪ੍ਰਣਾਲੀ ਵਿਚ ਵਪਾਰੀ ਨੂੰ ਇਨਪੁਟ ਟੈਕਸ ਕਰੈਡਿਟ ਮਿਲਦਾ ਸੀ। ਪ੍ਰੰਤੂ ਨਿਯਮ ਸਖ਼ਤ ਹੋਣ ਕਾਰਨ ਅਤੇ ਨਜਾਇਜ਼ ਇਨਪੁਟ ਲੈ ਜਾਣ ਦੇ ਕਈ ਕੇਸਾਂ ਕਾਰਨ, ਅਧਿਕਾਰੀ ਬਹੁਤ ਬਾਰੀਕੀ ਤੱਕ ਜਾਂਦੇ ਸਨ ਜਿਸ ਕਾਰਨ ਇਸ ਵਿਚ ਬੜੀ ਦੇਰ ਹੋ ਜਾਂਦੀ ਸੀ। ਜਾਇਜ਼ ਵਪਾਰੀ ਨੂੰ ਆਪਣੇ ਹੀ ਪੈਸੇ ਵਿਭਾਗ ਪਾਸੋਂ ਵਾਪਸ ਲੈਣ ਵਿਚ ਬੜੀ ਮੁਸ਼ਕਲ ਪੇਸ਼ ਆਉਂਦੀ ਸੀ। ਵਿਉਪਾਰੀ ਨੂੰ ਇਸ ਲਈ ਅਸਲ ਖਰੀਦ ਬਿੱਲ, ਬਿਲਟੀ, ਕੰਡਾ ਪਰਚੀ ਅਤੇ ਕਾਰਖਾਨੇ ਤੱਕ ਪਹੁੰਚ ਆਦਿ ਪੇਸ਼ ਕਰਨੀ ਆਉਂਦੀ ਹੁੰਦੀ ਸੀ। ਇਸ ਸਾਰੇ ਦਾ ਹੱਲ ਕੱਢਣ ਲਈ ਸਾਰੀ ਪ੍ਰਣਾਲੀ ਨੂੰ ਹੀ ਆਨਲਾਈਨ ਕਰਨ ਦਾ ਫੈਸਲਾ ਲਿਆ ਗਿਆ ਹੈ। ਜਿਸ ਅਨੁਸਾਰ ਹਰ ਮਹੀਨੇ ਦੀ ਦੱਸ ਤਾਰੀਖ ਤੱਕ ਆਪਣੀ ਵੇਚ ਜਿਸ ਨੂੰ ਹੁਣ ਸਪਲਾਈ ਕਿਹਾ ਜਾਵੇਗਾ ਦਾ ਵਪਾਰੀ ਪੂਰਾ ਬਿਉਰਾ ਦੇਵੇਗਾ ਅਤੇ ਇਸ ਦਾ ਮਿਲਾਣ 15 ਤਾਰੀਖ ਤੱਕ ਦੂਜੇ ਵਪਾਰੀ ਜਿਸ ਨੇ ਉਹ ਵਸਤੂ ਖਰੀਦੀ ਹੈ, ਵੱਲੋਂ ਆਨਲਾਈਨ ਭਰੀ ਵੇਚ ਨਾਲ ਕਰੇਗਾ। ਜੇ ਕੋਈ ਕਮੀ ਪੇਸ਼ੀ ਹੋਵੇ ਤਾਂ 20 ਤਾਰੀਖ ਤੱਕ ਦੁਬਾਰਾ ਰਿਵਾਈਜਡ ਰਿਟਰਨ ਭਰ ਸਕੇਗਾ। ਸਿਸਟਮ ਵਿਚ ਹਰ ਵਿਉਪਾਰੀ ਦਾ ਨਿੱਜੀ ਈ-ਲੇਜਰ ਅਕਾਉਂਟ ਹੋਵੇਗਾ ਜਿਸ ਵਿਚ ਉਹ ਆਪਣੀ ਦੇਣਦਾਰੀ, ਅਦਾ ਕੀਤੇ ਕਰ ਅਤੇ ਇਨਪੁਟ ਕਰੈਡਿਟ ਸਬੰਧੀ ਜਾਣਕਾਰੀ ਲੈ ਸਕੇਗਾ। ਕਿਸੇ ਵੀ ਪੰਜਾਹ ਹਜ਼ਾਰ ਦੇ ਵੱਧ ਤੋਂ ਵੇਚੇ ਸਮਾਨ ਨੂੰ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਲੈ ਜਾਣ ਲਈ ਈ-ਵੇਅ ਪ੍ਰਣਾਲੀ ਅਪਨਾਉਣੀ ਹੋਵੇਗੀ ਭਾਵ ਇਸ ਨੂੰ ਆਪਣੇ ਕੰਪਿਊਟਰ ਵਿਚ ਮੌਜੂਦ ਈ-ਵੇਅ ਸਿਸਟਮ ਵਿਚ ਦਰਸਾਉਣਾ ਹੋਵੇਗਾ। ਹਰ ਇਕ ਤਰ੍ਹਾਂ ਦੀ ਜਾਣਕਾਰੀ ਕੰਪਿਊਟਰ ਵਿਚ ਮੌਜੂਦ ਡਾਟਾ-ਮਾਇਨਿੰਗ ਪ੍ਰਣਾਲੀ ਰਾਹੀਂ ਲੱਭੀ ਜਾ ਸਕੇਗੀ। ਹਰ ਤਰ੍ਹਾਂ ਦੇ ਨੋਟਿਸ ਵੀ ਵਪਾਰੀਆਂ ਨੂੰ ਈ-ਮੇਲ ਪ੍ਰਣਾਲੀ ਰਾਹੀਂ ਭੇਜੇ ਜਾਣਗੇ।

